ਜਿਲਦ: 7, ਅੰਕ: 09

ਨਿਊ ਇੰਡੀਆ ਸਮਾਚਾਰ

1-15 ਨਵੰਬਰ, 2026 (ਮੁਫ਼ਤ)

ਦੀਵਾਲੀ ਸਪੈਸ਼ਲ


ਵੋਕਲ ਫੋਰ ਲੋਕਲ


# ਸੱਦਾ ਬਣਿਆ ਰਾਸ਼ਟਰ ਦਾ ਸੰਕਲਪ

**12 ਵਰ੍ਹੇ ਪਹਿਲਾਂ, ਵੋਕਲ ਫੋਰ ਲੋਕਲ ਦਾ ਇੱਕ ਸੱਦਾ ਅੱਜ 140 ਕਰੋੜ ਭਾਰਤੀਆਂ ਦਾ ਸੰਕਲਪ ਬਣ ਚੁੱਕਿਆ ਹੈ। ਮਿੱਟੀ ਦੇ ਦੀਵੇ ਤੋਂ ਸੈਮੀਕੰਡਕਟਰ ਚਿੱਪ ਤੱਕ, ਖਾਦੀ ਤੋਂ ਬ੍ਰਹਿਮੋਸ ਮਿਜ਼ਾਈਲ ਤੱਕ, ਆਰਥਿਕ ਨੀਂਹ ਤੋਂ ਲੈ ਕੇ ਰਾਸ਼ਟਰੀ ਸੁਰੱਖਿਆ ਤੱਕ, ਬਣ ਗਈ ਹੈ ਇੱਕ ਰਾਸ਼ਟਰ ਦੇ ਆਤਮਵਿਸ਼ਵਾਸ ਦੀ ਗਾਥਾ।**















@NISPIBIndia ਸਾਨੂੰ ਫਾਲੋ ਕਰੋ


ਯੂਨੈਸਕੋ ਦੀ ਸੰਭਾਵਿਤ ਸੂਚੀ ਵਿੱਚ ਭਾਰਤ ਦੀਆਂ 5 ਨਵੀਆਂ ਸਾਈਟਾਂ

# ਸਮ੍ਰਿੱਧ-ਵਿਭਿੰਨ ਵਿਰਾਸਤ

*ਯੂਨੈਸਕੋ ਵਿਸ਼ਵ ਵਿਰਾਸਤ ਦੀ ਸੰਭਾਵਿਤ ਸੂਚੀ ਵਿੱਚ ਭਾਰਤ ਦੀਆਂ 5 ਸਾਈਟਾਂ ਅਤੇ ਸੀਰੀਅਲ ਅਤੇ ਟ੍ਰਾਂਸਨੇਸ਼ਨਲ ਪ੍ਰਸਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸੂਚੀ ਵਿੱਚ ਹੁਣ ਭਾਰਤ ਦੀਆਂ ਸਾਈਟਾਂ ਦੀ ਗਿਣਤੀ 78 ਹੋ ਗਈ ਹੈ। ਨਵੀਆਂ ਸਾਈਟਾਂ ਵਿੱਚ ਬਾਘ ਦੇ ਬੋਧੀ ਕੰਧ-ਚਿੱਤਰਾਂ ਅਤੇ ਗੁਪਤ ਕਾਲ ਦੀਆਂ ਉਦੈਗਿਰੀ ਗੁਫਾਵਾਂ ਤੋਂ ਲੈ ਕੇ ਚੰਬਲ ਘਾਟੀ ਦੇ ਮੰਦਿਰ ਸਮੂਹ, ਰਿੰਨੌਰਗੜ੍ਹ ਦੀ ਆਦਿਵਾਸੀ ਵਿਰਾਸਤ ਅਤੇ ਸੱਤਿਆਗ੍ਰਹਿ ਦੀ ਗਲੋਬਲ ਯਾਤਰਾ ਸ਼ਾਮਲ ਹੈ। ਇਸ ਵਿੱਚ ਭਾਰਤ ਦੀ ਸਮ੍ਰਿੱਧ ਸੱਭਿਆਚਾਰਕ ਵਿਰਾਸਤ ਅਤੇ ਰਾਸ਼ਟਰੀ ਪਛਾਣ ਝਲਕਦੀ ਹੈ। ਇਹ ਤਰੱਕੀ ਭਾਰਤੀ ਵਿਰਾਸਤ ਨੂੰ ਸੁਰੱਖਿਅਤ ਕਰਕੇ ਉਸ ਨੂੰ ਗਲੋਬਲ ਪਲੈਟਫੋਰਮ 'ਤੇ ਪੇਸ਼ ਕਰਨ ਦੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸੋਚ ਨੂੰ ਕਰਦੀ ਹੈ ਪ੍ਰਦਰਸ਼ਿਤ...*




ਸੱਤਿਆਗ੍ਰਹਿ ਸਥਾਨ: ਜੋ ਭਾਰਤ ਅਤੇ ਦੱਖਣੀ ਅਫਰੀਕਾ ਨੂੰ ਜੋੜਨ ਵਾਲਾ ਸ਼੍ਰੇਣੀਬੱਧ ਅੰਤਰਰਾਸ਼ਟਰੀ ਪ੍ਰਸਤਾਵ।



ਬਾਘ ਗੁਫਾ ਚਿੱਤਰਾਂ ਦੀ ਬੋਧੀ ਕੰਧ ਚਿੱਤਰਕਾਰੀ।



ਗੁਪਤ ਕਾਲ ਦੀਆਂ ਉਦੈਗਿਰੀ ਗੁਫਾਵਾਂ।



ਰਿੰਨੌਰਗੜ੍ਹ ਦੀ ਕਬਾਇਲੀ ਵਿਰਾਸਤ।



ਚੰਬਲ ਘਾਟੀ ਦੇ ਮੰਦਿਰ ਸਮੂਹ।

ਨਿਊ ਇੰਡੀਆ
# ਸਮਾਚਾਰ

ਜਿਲਦ: 7, ਅੰਕ 09 | 1- 15 ਨਵੰਬਰ, 2026

**ਐਡੀਟਰ ਇਨ ਚੀਫ਼ :**

**ਧੀਰੇਂਦਰ ਓਝਾ**

ਪ੍ਰਿੰਸੀਪਲ ਡਾਇਰੈਕਟਰ ਜਨਰਲ,

ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ

**ਸੰਤੋਸ਼ ਕੁਮਾਰ**

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ

**ਪਵਨ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ

**ਅਖਿਲੇਸ਼ ਕੁਮਾਰ**

**ਚੰਦਨ ਕੁਮਾਰ ਚੌਧਰੀ**

ਭਾਸ਼ਾ ਸੰਪਾਦਨ

**ਸੁਮਿਤ ਕੁਮਾਰ (ਅੰਗ੍ਰੇਜ਼ੀ),**

**ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)**

**ਨਦੀਮ ਅਹਿਮਦ (ਉਰਦੂ),**

**ਅਹਿਮਦ ਖਾਨ (ਪੰਜਾਬੀ)**

ਸੀਨੀਅਰ ਡਿਜ਼ਾਈਨਰ

**ਫੂਲ ਚੰਦ ਤਿਵਾਰੀ**

ਡਿਜ ਾਈਨਰ

**ਅਭੈ ਗੁਪਤਾ**

**ਸਤਯਮ ਸਿੰਘ**



**13 ਭਾਸ਼ਾਵਾਂ ਵਿੱਚ ਉਪਲਬਧ ‘ਨਿਊ ਇੰਡੀਆ ਸਮਾਚਾਰ’ ਨੂੰ ਪੜ੍ਹਨ ਦੇ ਲਈ ਕਲਿੱਕ ਕਰੋ।**

https://newindiasamachar.pib.gov.in/news.aspx

**ਨਿਊ ਇੰਡੀਆ ਸਮਾਚਾਰ’ ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ**

https://newindiasamachar.pib.gov.in/archive.aspx

ਨਿਊ ਇੰਡੀਆ ਸਮਾਚਾਰ ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ: @NISPIBIndia

# ਅੰਦਰਲੇ ਪੰਨਿਆਂ ਉੱਤੇ...

ਕਵਰ ਸਟੋਰੀ

ਵੋਕਲ ਫੋਰ ਲੋਕਲ



## ਵੋਕਲ ਫੋਰ ਲੋਕਲ ਇੱਕ ਸੱਦਾ ਜੁੜ ਗਿਆ ਹਰੇਕ ਭਾਰਤੀ ਦਾ ਮਨ

ਦੀਵਾਲੀ ਦੀ ਜਗਮਗ ਰੌਸ਼ਨੀ ਦੇ ਦਰਮਿਆਨ ਇਸ ਵਾਰ ਦੇਸ਼ ਇੱਕ ਹੋਰ ਉਜਾਲੇ ਦਾ ਜਸ਼ਨ ਮਨਾ ਰਿਹਾ ਹੈ - ਆਤਮਨਿਰਭਰਤਾ ਦਾ ਉਜਾਲਾ। 'ਮਨ ਕੀ ਬਾਤ' ਤੋਂ ਗੂੰਜਿਆ 'ਵੋਕਲ ਫੋਰ ਲੋਕਲ' ਦਾ ਸੱਦਾ ਅੱਜ ਸਿਰਫ਼ ਨਾਅਰਾ ਨਹੀਂ, ਜੀਵਨ ਸ਼ੈਲੀ ਬਣ ਚੁੱਕਿਆ ਹੈ। ਇਹ ਦੀਵਾਲੀ ਇਸ ਲਈ ਵੀ ਖਾਸ ਹੈ, ਕਿਉਂਕਿ ਇਹ ਉਹ ਮੋੜ ਹੈ ਜਿੱਥੇ ਭਾਰਤ ਆਪਣੇ ਕਾਰੀਗਰਾਂ ਦੇ ਹੁਨਰ 'ਤੇ ਮਾਣ ਕਰਦੇ ਹੋਏ 2047 ਦੇ ਵਿਕਸਿਤ ਭਾਰਤ ਦੀ ਨੀਂਹ ਰੱਖ ਰਿਹਾ ਹੈ। ਇਸ ਦੀਵਾਲੀ 'ਤੇ ਕਿਵੇਂ ਹਰ ਦੀਵਾ, ਹਰ ਤੋਹਫ਼ਾ, ਹਰ ਖਰੀਦਦਾਰੀ ਸਿਰਫ਼ ਰੌਸ਼ਨੀ ਜਾਂ ਤਿਉਹਾਰ ਨਹੀਂ ਹੈ। ਹੁਣ ਇਹ 140 ਕਰੋੜ ਭਾਰਤੀਆਂ ਦਾ ਹੈ ਸਵਦੇਸ਼ੀ, ਆਤਮਨਿਰਭਰ ਅਤੇ ਸਮ੍ਰਿੱਧ ਭਾਰਤ ਦਾ ਸੰਕਲਪ... |14-29

**ਸਮਾਚਾਰ ਸਾਰ** |4-5

**ਐੱਮਐੱਸਐੱਮਈ ਨੂੰ 10,000 ਕਰੋੜ ਰੁਪਏ ਦਾ ਫੰਡ**
ਕੇਂਦਰੀ ਕੈਬਨਿਟ ਨੇ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਨੂੰ ਦਿੱਤਾ ਵਿਸਤਾਰ |6-7

**ਡਿਜੀਟਲ ਕਨੈਕਟੀਵਿਟੀ, ਭਵਿੱਖ ਦੀ ਨਵੀਂ ਦਿਸ਼ਾ**
ਪੀਐੱਮ ਮੋਦੀ ਨੇ ਇੰਡੀਆ ਮੋਬਾਈਲ ਕਾਂਗਰਸ ਦੇ 10ਵੇਂ ਸੰਸਕਰਣ ਨੂੰ ਸੰਬੋਧਨ ਕੀਤਾ |32-33

**ਜਨਤਕ-ਕੇਂਦ੍ਰਿਤ ਸ਼ਾਸਨ, ਸੁਸ਼ਾਸਨ ਦੀ ਪਛਾਣ**
ਪੀਐੱਮ ਮੋਦੀ ਨੇ ਦਿੱਤੇ 3 ਮੰਤਰ - ਜਨਤਕ-ਕੇਂਦ੍ਰਿਤ ਸੋਚ, ਸਰਗਰਮੀ ਅਤੇ ਸੁਸ਼ਾਸਨ |34-35

**ਆਦਿਵਾਸੀ ਭਾਈਚਾਰਾ ਉੱਥਾਨ, ਗੌਰਵ ਗਾਣ ਤੋਂ ਆਉਣ ਵਾਲੀ ਪੀੜ੍ਹੀ ਨੂੰ ਪ੍ਰੇਰਣਾ**
ਪ੍ਰਧਾਨ ਮੰਤਰੀ ਜਨਜਾਤੀਯ ਆਦਿਵਾਸੀ ਨਯਾਯ ਮਹਾਭਿਆਨ ਦੇ ਤਿੰਨ ਵਰ੍ਹੇ |36-37

**ਪਾਵਰ ਟੂ ਇਮਪਾਵਰ**
ਬਲੂਮਬਰਗ ਨਿਊ ਇਕੋਨਮੀ ਫੋਰਮ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਸੰਬੋਧਨ |38-39

**ਏਸ਼ਿਆਈ ਖੇਡਾਂ 2026: ਸ਼ਾਨਦਾਰ ਸਫ਼ਰ, ਯਾਦਗਾਰ ਉਪਲਬਧੀ**
ਭਾਰਤ ਨੇ 21 ਗੋਲਡ, 27 ਸਿਲਵਰ ਅਤੇ 37 ਬਰੌਂਜ਼ ਮੈਡਲਾਂ ਨਾਲ ਮੈਡਲ ਟੈਲੀ ਵਿੱਚ ਹਾਸਲ ਕੀਤਾ ਚੌਥਾ ਸਥਾਨ |40-41

**ਲੱਦਾਖ ਦੀ ਤਰੱਕੀ ਅਤੇ ਵਿਕਾਸ ਨਾਲ ਜੁੜ ਰਿਹਾ ਇੱਕ ਹੋਰ ਅਧਿਆਏ**
ਪੀਐੱਮ ਮੋਦੀ ਨੇ 3,350 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ |43

**ਸ਼ਖਸੀਅਤ: ਡਾ. ਪਦਮਾਵਤੀ ਬੰਦੋਪਾਧਿਆਏ**
ਦੇਸ਼ ਦੀ ਪਹਿਲੀ ਮਹਿਲਾ ਏਅਰ ਮਾਰਸ਼ਲ |47

**ਸ਼ਰਧਾਂਜਲੀ : ਅਲਵਿਦਾ ਨਾਨਾ ਪਾਟੇਕਰ** |48

ਜਨ ਸੇਵਾ ਤੋਂ ਰਾਸ਼ਟਰ ਸੇਵਾ ਦੇ 25 ਵਰ੍ਹੇ

## ਨਵੇਂ ਭਾਰਤ ਦੀ ਸਮੂਹਿਕ ਸ਼ਕਤੀ ਦਾ ਪ੍ਰਤੀਕ



ਪੀਐੱਮ ਮੋਦੀ ਨੇ ਆਪਣੇ ਸੰਬੋਧਨ ਵਿੱਚ 'ਵੀ ਵਿੱਲ ਡੂ ਇਟ' (ਅਸੀਂ ਕਰਕੇ ਰਹਾਂਗੇ) ਨੂੰ ਨਵੇਂ ਭਾਰਤ ਦੀ ਸਮੂਹਿਕ ਸ਼ਕਤੀ ਦਾ ਦੱਸਿਆ ਪ੍ਰਤੀਕ |8-13

ਭਾਰਤੀ ਪਾਇਲਟ ਦਾ ਸਾਹਸ

## ਭਾਰਤੀ ਜਾਨ ਲੈਣ ਵਾਲੇ ਨਹੀਂ ਜਾਨ ਬਚਾਉਣ ਵਾਲੇ



ਭਾਰਤੀ ਪਾਇਲਟ ਕੈਪਟਨ ਸਮਿਤ ਮੱਛਾਰ ਦੀ ਬਹਾਦਰੀ ਅਤੇ ਸੂਝ-ਬੂਝ ਨੂੰ ਲੈ ਕੇ ਪੀਐੱਮ ਮੋਦੀ ਨੇ ਵੀਡੀਓ ਕਾਲ 'ਤੇ ਗੱਲ ਕੀਤੀ ਅਤੇ ਉਨ੍ਹਾਂ ਦੇ ਜਲਦੀ ਸਿਹਤਮੰਦ ਹੋਣ ਦੀ ਕਾਮਨਾ ਕੀਤੀ... |30-31

## ਵਿਰਾਸਤ ਅਤੇ ਭਵਿੱਖ ਦੀਆਂ ਉਮੀਦਾਂ ਨਾਲ ਲੈ ਕੇ ਵਧਦਾ ਭਾਰਤ



ਪੀਐੱਮ ਮੋਦੀ ਨੇ ਤਮਿਲ ਨਾਡੂ ਨੂੰ ਦਿੱਤੀਆਂ 13 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀਆਂ ਸੌਗਾਤਾਂ, ਥ੍ਰੇਨ ਰਿਸਰਚ ਸੈਂਟਰ ਰਾਸ਼ਟਰ ਨੂੰ ਸਮਰਪਿਤ |44-46

**ਪ੍ਰਕਾਸ਼ਕ ਅਤੇ ਪ੍ਰਿੰਟਰ:** ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਕਮਿਊਨੀਕੇਸ਼ਨ ਅਡਰੈੱਸ ਅਤੇ ਈ-ਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸੀਨਾ ਰੋਡ, ਨਵੀਂ ਦਿੱਲੀ -110001, **ਈ- ਮੇਲ –responsenis@pib.gov.in ਆਰ.ਐੱਨ.ਆਈ. ਨੰਬਰ DELPUN/2020/78808**

# ਸੰਪਾਦਕ ਦੀ ਕਲਮ ਤੋਂ...

# ਇਸ ਦੀਵਾਲੀ, ਘਰ ਰੌਸ਼ਨ ਕਰੋ ਸਵਦੇਸ਼ੀ ਨਾਲ

ਸਾਦਰ ਨਮਸਕਾਰ

ਤਿਉਹਾਰਾਂ ਦਾ ਮੌਸਮ ਨੇੜੇ ਆ ਰਿਹਾ ਹੈ ਅਤੇ ਹਰ ਘਰ ਤਿਉਹਾਰ ਦੇ ਉਤਸ਼ਾਹ ਨਾਲ ਭਰਿਆ ਹੋਇਆ ਹੈ। ਬਜ਼ਾਰ ਸਜਣ ਲਗਦੇ ਹਨ ਅਤੇ ਹਰ ਪਰਿਵਾਰ ਖਰੀਦਦਾਰੀ ਦੀ ਸੂਚੀ ਬਣਾ ਰਿਹਾ ਹੈ। ਯਾਦ ਕਰੋ, ਬਚਪਨ ਵਿੱਚ ਦੀਵਾਲੀ 'ਤੇ ਮਿੱਟੀ ਦੇ ਦੀਵੇ ਖਰੀਦਣ ਜਾਣਾ ਕਿੰਨਾ ਖਾਸ ਹੁੰਦਾ ਸੀ। ਘੁਮਿਆਰ ਦੇ ਚਾਕ ਤੋਂ ਨਿਕਲਿਆ ਹਰ ਦੀਵਾ ਸਿਰਫ਼ ਰੌਸ਼ਨੀ ਨਹੀਂ ਦਿੰਦਾ ਹੈ, ਸਗੋਂ ਇੱਕ ਪਰਿਵਾਰ ਦੀ ਮਿਹਨਤ ਅਤੇ ਉਸ ਨਾਲ ਜੁੜੀਆਂ ਉਮੀਦਾਂ ਦਾ ਪ੍ਰਤੀਕ ਬਣ ਕੇ ਵੀ ਆਉਂਦਾ ਹੈ।

ਇਸ ਸਾਲ ਦੀ ਦੀਵਾਲੀ ਦਾ ਸੰਦੇਸ਼ ਹੋਰ ਵੀ ਖਾਸ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਨਤਕ ਸੇਵਾ ਦੇ 25 ਵਰ੍ਹੇ ਪੂਰੇ ਕਰ ਲਏ ਹਨ। ਇਸ ਮੌਕੇ 'ਤੇ ਉਨ੍ਹਾਂ ਨੇ 'ਵੀ ਵਿੱਲ ਡੂ ਇਟ' (ਅਸੀਂ ਇਹ ਕਰਕੇ ਦਿਖਾਵਾਂਗੇ) ਦੇ ਸੰਕਲਪ ਦੇ ਨਾਲ ਵਿਕਸਿਤ ਭਾਰਤ ਦਾ ਟੀਚਾ ਹਾਸਲ ਕਰਨ ਦਾ ਸੰਦੇਸ਼ ਦਿੱਤਾ ਹੈ। 2047 ਦੇ ਵਿਕਸਿਤ ਭਾਰਤ ਦਾ ਰਸਤਾ ਆਤਮਨਿਰਭਰਤਾ ਤੋਂ ਹੋ ਕੇ ਲੰਘਦਾ ਹੈ ਅਤੇ ਸਵਦੇਸ਼ੀ ਉਸ ਦਾ ਸਭ ਤੋਂ ਵੱਡਾ ਅਧਾਰ ਹੈ। 'ਵੋਕਲ ਫੋਰ ਲੋਕਲ' ਹੁਣ ਇੱਕ ਨਾਅਰੇ ਤੋਂ ਅੱਗੇ ਵਧ ਕੇ ਰੋਜ਼ਾਨਾ ਦੇ ਵਿਵਹਾਰ ਦਾ ਹਿੱਸਾ ਬਣ ਚੁੱਕਿਆ ਹੈ।

ਸੋਚੋ, ਸਾਡੀ ਇੱਕ ਛੋਟੀ ਜਿਹੀ ਖਰੀਦਦਾਰੀ ਵੀ ਕਿਸੇ ਕਾਰੀਗਰ ਦੇ ਘਰ ਦੀਵਾ ਜਗਾ ਸਕਦੀ ਹੈ। ਤੋਹਫ਼ਾ ਓਹੀ ਜੋ ਭਾਰਤ ਵਿੱਚ ਬਣਿਆ ਹੋਵੇ। ਪਹਿਰਾਵਾ ਓਹੀ ਜੋ ਭਾਰਤ ਵਿੱਚ ਬੁਣਿਆ ਹੋਵੇ। ਸਜਾਵਟ ਓਹੀ ਜੋ ਭਾਰਤ ਦੇ ਸਮਾਨ ਤੋਂ ਹੋਵੇ ਅਤੇ ਰੌਸ਼ਨੀ ਓਹੀ ਜੋ ਭਾਰਤ ਵਿੱਚ ਬਣੀਆਂ ਝਾਲਰਾਂ ਅਤੇ ਮੋਮਬੱਤੀਆਂ ਨਾਲ ਹੋਵੇ। ਜਦੋਂ ਤੁਸੀਂ ਸਵਦੇਸ਼ੀ ਤੋਹਫ਼ੇ ਦਿੰਦੇ ਹੋ, ਤਾਂ ਆਪਣਿਆਂ ਨੂੰ ਮਿਠਾਸ ਦੇ ਨਾਲ ਆਪਣੇਪਣ ਦਾ ਭਾਵ ਵੀ ਦਿੰਦੇ ਹੋ।

ਵਿਕਸਿਤ ਰਾਸ਼ਟਰ ਵੱਲ ਅੱਗੇ ਵਧ ਰਹੇ ਭਾਰਤ ਦੇ ਲਈ ਸਾਨੂੰ ਤਨ, ਮਨ ਅਤੇ ਕਣ-ਕਣ ਵਿੱਚ ਸਵਦੇਸ਼ੀ ਦਾ ਭਾਵ ਭਰਨਾ ਹੈ। ਆਓ, ਇਸ ਤਿਉਹਾਰ ਮਾਣ ਨਾਲ ਕਹੀਏ—"ਇਹ ਸਵਦੇਸ਼ੀ ਹੈ"। ਇੱਕ ਮੰਤਰ 'ਵੋਕਲ ਫੋਰ ਲੋਕਲ', ਇੱਕ ਰਸਤਾ 'ਆਤਮਨਿਰਭਰਤਾ' ਅਤੇ ਇੱਕ ਟੀਚਾ 'ਵਿਕਸਿਤ ਭਾਰਤ'। ਇਸੇ ਕਰਕੇ ਇਸ ਤਿਉਹਾਰ ਦੇ ਮਹੀਨੇ ਵਿੱਚ 'ਵੋਕਲ ਫੋਰ ਲੋਕਲ' ਹੀ ਸਾਡੇ ਇਸ ਵਾਰ ਦੇ ਅੰਕ ਦੀ ਕਵਰ ਸਟੋਰੀ ਬਣੀ ਹੈ।

ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਮੋਦੀ ਦੀ ਜਨ ਸੇਵਾ ਤੋਂ ਰਾਸ਼ਟਰ ਸੇਵਾ ਦੇ 25 ਵਰ੍ਹੇ ਪੂਰੇ ਹੋਣ 'ਤੇ ਵਿਸ਼ੇਸ਼ ਸਮੱਗਰੀ ਇਸ ਅੰਕ ਵਿੱਚ ਸ਼ਾਮਲ ਹੈ। ਸ਼ਖਸੀਅਤ ਦੀ ਕੜੀ ਵਿੱਚ ਦੇਸ਼ ਦੀ ਪਹਿਲੀ ਮਹਿਲਾ ਏਅਰ ਮਾਰਸ਼ਲ ਡਾ. ਪਦਮਾਵਤੀ ਬੰਦੋਪਾਧਿਆਏ, ਕੇਂਦਰੀ ਕੈਬਨਿਟ ਦੇ ਫ਼ੈਸਲਿਆਂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪਖਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਮੈਗਜ਼ੀਨ ਦੇ ਅੰਦਰਲੇ ਪੰਨਿਆਂ 'ਤੇ ਯੂਨੈਸਕੋ ਵਿਸ਼ਵ ਵਿਰਾਸਤ ਦੀ ਸੰਭਾਵਿਤ ਸੂਚੀ ਵਿੱਚ ਸ਼ਾਮਲ ਹੋਏ ਭਾਰਤ ਦੇ 5 ਨਵੇਂ ਸਥਾਨਾਂ ਅਤੇ ਬੈਕ ਕਵਰ 'ਤੇ 12 ਨਵੰਬਰ ਨੂੰ ਮਨਾਏ ਜਾਣ ਵਾਲੇ ਜਨਤਕ ਸੇਵਾ ਪ੍ਰਸਾਰਣ ਦਿਵਸ 'ਤੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

**(ਧੀਰੇਂਦਰ ਓਝਾ)**

ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।
**https://newindiasamachar.pib.gov.in/news.aspx**

# ਆਪਕੀ ਬਾਤ...






## ਖੁਦ ਨੂੰ ਅਪਡੇਟ ਰੱਖਣ ਵਿੱਚ ਬਹੁਤ ਉਪਯੋਗੀ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ

ਮੈਂ 'ਨਿਊ ਇੰਡੀਆ ਸਮਾਚਾਰ' ਦਾ ਨਿਯਮਿਤ ਪਾਠਕ ਹਾਂ । ਇਹ ਪੱਤ੍ਰਿਕਾ ਭਾਰਤ ਸਰਕਾਰ ਦੀਆਂ ਯੋਜਨਾਵਾਂ, ਨੀਤੀਆਂ ਅਤੇ ਕਰੰਟ ਅਫੇਅਰਸ ਮਾਮਲਿਆਂ ਬਾਰੇ ਖੁਦ ਨੂੰ ਅਪਡੇਟ ਰੱਖਣ ਦੇ ਲਈ ਬਹੁਤ ਉਪਯੋਗੀ ਲੱਗਦੀ ਹੈ। ਇਹ ਪੱਤ੍ਰਿਕਾ ਦੇਸ਼ ਦੀ ਤਰੱਕੀ ਬਾਰੇ ਮੇਰੀ ਜਾਣਕਾਰੀ ਵਧਾਉਂਦੀ ਹੈ। ਮੈਨੂੰ ਇੱਕ ਜ਼ਿੰਮੇਵਾਰ ਨਾਗਰਿਕ ਦੇ ਤੌਰ 'ਤੇ ਜ਼ਿਆਦਾ ਸਮਝਣ ਅਤੇ ਹਿੱਸਾ ਲੈਣ ਦੇ ਲਈ ਪ੍ਰੇਰਿਤ ਕਰਦੀ ਹੈ।

**ਨਿਵੇਸ਼ ਗੋਇਲ**

**goyalnivesh98@gmail.com**

## ਨਵੇਂ ਅੰਕ ਦੀ ਬੇਸਬਰੀ ਨਾਲ ਰਹਿੰਦੀ ਹੈ ਉਡੀਕ

ਮੈਨੂੰ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਪੜ੍ਹਨਾ ਬਹੁਤ ਪਸੰਦ ਹੈ। ਮੈਂ ਇਸ ਦੇ ਨਵੇਂ ਅੰਕ ਦੀ ਬੇਸਬਰੀ ਨਾਲ ਉਡੀਕ ਕਰਦਾ ਹਾਂ। ਹਰ ਵਾਰ ਇਸ ਨੂੰ ਪੜ੍ਹਨ 'ਤੇ ਮੈਨੂੰ ਭਾਰਤ ਦੀ ਸੱਭਿਆਚਾਰਕ ਅਤੇ ਧਾਰਮਿਕ ਵਿਭਿੰਨਤਾ ਬਾਰੇ ਹੋਰ ਜਾਣਨ ਨੂੰ ਮਿਲਦਾ ਹੈ। ਨਾਲ ਹੀ, ਇਹ ਪੱਤ੍ਰਿਕਾ ਭਾਰਤ ਦੀਆਂ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਵੀ ਦਰਸਾਉਂਦੀ ਹੈ। ਇਹ ਦਰਸਾਉਂਦੀ ਹੈ ਕਿ ਕਿਵੇਂ ਦੇਸ਼ 'ਵਿਕਸਿਤ ਭਾਰਤ 2047' ਦੇ ਟੀਚੇ ਨੂੰ ਪ੍ਰਾਪਤ ਕਰਨ ਦੇ ਲਈ ਹਰ ਖੇਤਰ ਵਿੱਚ ਤੇਜ਼ੀ ਨਾਲ ਵਧ ਰਿਹਾ ਹੈ।

**shivanshchouhan397@gmail.com**

## ਕਰੰਟ ਅਫੇਅਰਸ ਮਾਮਲਿਆਂ ਦੀ ਜਾਣਕਾਰੀ ਦਾ ਬਿਹਤਰੀਨ ਸਾਧਨ

ਇੱਕ ਅਧਿਆਪਕ ਦੇ ਤੌਰ 'ਤੇ ਮੇਰਾ ਮੰਨਣਾ ਹੈ ਕਿ ਜ਼ਰੂਰਤਮੰਦ ਅਤੇ ਉਤਸੁਕ ਵਿਦਿਆਰਥੀਆਂ ਵਿੱਚ ਗਿਆਨ ਦਾ ਸੰਚਾਰ ਕਰਨ ਦੀ ਕੋਸ਼ਿਸ਼ ਹੁੰਦੀ ਰਹਿਣੀ ਚਾਹੀਦੀ ਹੈ। ਮੈਂ ਨਿਯਮਿਤ ਤੌਰ 'ਤੇ 'ਨਿਊ ਇੰਡੀਆ ਸਮਾਚਾਰ' ਡਾਊਨਲੋਡ ਕਰਦਾ ਹਾਂ। ਇਹ ਸਰਕਾਰੀ ਪਹਿਲਕਦਮੀਆਂ, ਯੋਜਨਾਵਾਂ ਅਤੇ ਮੌਜੂਦਾ ਮਾਮਲਿਆਂ ਦੀ ਜਾਣਕਾਰੀ ਫੈਲਾਉਣ ਦਾ ਇੱਕ ਬਿਹਤਰੀਨ ਮਾਧਿਅਮ ਹੈ। ਇਸ ਨਾਲ 'ਨਵੇਂ ਭਾਰਤ' ਵਿੱਚ ਹੋ ਰਹੀ ਤਰੱਕੀ ਦੇ ਬਾਰੇ ਠੋਸ ਜਾਣਕਾਰੀ ਮਿਲਦੀ ਹੈ।

**ਪ੍ਰਦੀਪ ਕੁਮਾਰ ਸਾਹੂ**

**pradeepgrasshopper@gmail.com**

## ਨਿਜੀ ਵਿਕਾਸ, ਗਿਆਨ ਅਤੇ ਹੁਨਰ ਵਿਕਾਸ ਵਿੱਚ ਮਿਲਦੀ ਹੈ ਮਦਦ

ਮੈਂ ਨਿਯਮਿਤ ਤੌਰ 'ਤੇ ਨਿਊ ਇੰਡੀਆ ਸਮਾਚਾਰ ਪ੍ਰਤਿੱਕਾ ਪੜ੍ਹਦਾ ਹਾਂ। ਇਹ ਜਾਣਕਾਰੀ ਨਾਲ ਭਰਪੂਰ ਹੈ। ਇਸ ਨਾਲ ਸਰਕਾਰ ਦੇ ਵਿਕਾਸ ਪ੍ਰੋਗਰਾਮਾਂ ਦੇ ਬਾਰੇ ਜਾਣਕਾਰੀ ਮਿਲਦੀ ਹੈ। ਇਹ ਮੇਰੇ ਨਿਜੀ ਵਿਕਾਸ, ਗਿਆਨ ਅਤੇ ਹੁਨਰ ਦੇ ਵਿਕਾਸ ਵਿੱਚ ਵੀ ਮਦਦ ਕਰਦੀ ਹੈ। ਮੈਨੂੰ ਇਸ ਪੱਤ੍ਰਿਕਾ ਨੂੰ ਪੜ੍ਹਨਾ ਅਤੇ ਇਸ ਤੋਂ ਸਿੱਖਣਾ ਦੋਵੇਂ ਪਸੰਦ ਹਨ।

**ਭਾਸਕਰ ਸਿੰਘ ਮਹਰ**

**bhaskarmahar65@gmail.com**


ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003

**ਈਮੇਲ**- response-nis@pib.gov.in

# ਸਮਾਚਾਰ ਸਾਰ

## ਵਿਕਸਿਤ ਭਾਰਤ-ਜੀ ਰਾਮ ਜੀ ਵਿੱਚ ਹੋ ਸਕਣਗੇ 375 ਤਰ੍ਹਾਂ ਦੇ ਕਾਰਜ

ਵਿਕਸਿਤ ਭਾਰਤ-ਰੁਜ਼ਗਾਰ ਅਤੇ ਆਜੀਵਿਕਾ ਮਿਸ਼ਨ (ਗ੍ਰਾਮੀਣ) ਅਰਥਾਤ ਵੀਬੀ-ਜੀ ਰਾਮ ਜੀ ਅਧਿਨਿਯਮ, 2025 ਵਿੱਚ ਪਹਿਲਾਂ ਦੀ ਮਨਰੇਗਾ ਵਿੱਚ ਕਰਵਾਏ ਜਾ ਸਕਣ ਵਾਲੇ 266 ਕੰਮਾਂ ਦੀ ਤੁਲਨਾ ਵਿੱਚ ਹੁਣ 375 ਕਾਰਜ ਕਰਵਾਏ ਜਾ ਸਕਣਗੇ। ਇਸ ਵਿੱਚ ਪਹਿਲੀ ਵਾਰ 38 ਵਿਸ਼ੇਸ਼ ਕੰਮਾਂ ਦੀ ਇੱਕ ਨਵੀਂ ਸ਼੍ਰੇਣੀ ਜੋੜੀ ਗਈ ਹੈ। ਇਹ ਕਾਰਜ ਐਕਸਟ੍ਰੀਮ ਮੌਸਮ ਦੀਆਂ ਘਟਨਾਵਾਂ ਅਤੇ ਆਫ਼ਤ ਪ੍ਰਬੰਧਨ ਨਾਲ ਨਜਿੱਠਣ ਲਈ ਹਨ।

ਜਲ ਸੁਰੱਖਿਆ ਦੀ ਸ਼੍ਰੇਣੀ ਵਿੱਚ ਤੁਪਕਾ ਸਿੰਚਾਈ, ਫੁਹਾਰਾ ਪ੍ਰਣਾਲੀ, ਛੱਤਾਂ 'ਤੇ ਮੀਂਹ ਦੇ ਪਾਣੀ ਦੀ ਸੰਭਾਲ, ਜਲ ਸੰਭਾਲ ਵਰਗੇ ਨਵੇਂ ਉਪਾਵਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਹੁਣ ਜਲ ਜੀਵਨ ਮਿਸ਼ਨ ਦੀ ਜਲ ਸਪਲਾਈ ਬੁਨਿਆਦੀ ਢਾਂਚੇ ਦੀ ਮੁਰੰਮਤ ਅਤੇ ਰੱਖ-ਰਖਾਅ ਵੀ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ। ਨਵੀਂ ਅਨੁਸੂਚੀ ਵਿੱਚ ਦਿਵਯਾਂਗਜਨਾਂ ਦੀ ਸੁਗਮਤਾ ਦੇ ਲਈ ਸਪਸ਼ਟ ਪ੍ਰਾਵਧਾਨ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸਰਕਾਰੀ ਭਵਨਾਂ ਵਿੱਚ ਪੌੜੀਆਂ ਅਤੇ ਰੈਂਪ ਦਾ ਨਿਰਮਾਣ ਸ਼ਾਮਲ ਹੈ।

### ਹਰ ਵਰਗ ਦੇ ਲਈ ਕੰਮਾਂ ਨੂੰ ਮਨਜ਼ੂਰੀ

ਨਵੀਂ ਅਧਿਸੂਚਨਾ ਵਿੱਚ ਖੇਤੀਬਾੜੀ-ਕਿਸਾਨਾਂ, ਕਮਜ਼ੋਰ ਪਰਿਵਾਰਾਂ, ਮਹਿਲਾਵਾਂ ਅਤੇ ਗ੍ਰਾਮੀਣ ਯੁਥ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। 181 ਕਾਰਜ ਖੇਤੀਬਾੜੀ ਅਤੇ ਉਸ ਨਾਲ ਜੁੜੀਆਂ ਗਤੀਵਿਧੀਆਂ ਦੇ ਲਈ ਹਨ, ਜਿਨ੍ਹਾਂ ਵਿੱਚ 52 ਵਿਅਕਤੀਗਤ ਲਾਭਪਾਤਰੀ ਕਾਰਜ ਸ਼ਾਮਲ ਹਨ। ਇਸੇ ਤਰ੍ਹਾਂ ਅੰਤਯੋਦਯ ਜਾਂ ਕਮਜ਼ੋਰ ਪਰਿਵਾਰਾਂ ਦੇ ਲਈ 107 ਕਾਰਜ ਨਿਰਧਾਰਿਤ ਕੀਤੇ ਗਏ ਹਨ। ਨਾਰੀ ਸ਼ਕਤੀ ਨਾਲ ਸਬੰਧਿਤ 36 ਕਾਰਜ ਅਤੇ ਯੁਵਾ ਸ਼ਕਤੀ ਨਾਲ ਸਬੰਧਿਤ 36 ਕਾਰਜ ਵੀ ਸ਼ਾਮਲ ਹਨ।






## ਦੇਸ਼ ਵਿੱਚ ਹੋਰ ਘਟੇਗੀ ਗ਼ਰੀਬੀ...ਵਿਸ਼ਵ ਬੈਂਕ

ਵਿਸ਼ਵ ਬੈਂਕ ਨੇ ਅਕਤੂਬਰ ਦੀ ਆਪਣੀ ਜਨਤਕ ਸੂਚਨਾ ਵਿੱਚ ਕਿਹਾ ਹੈ ਕਿ ਪਿਛਲੇ ਦਸ ਵਰ੍ਹਿਆਂ ਵਿੱਚ ਭਾਰਤ ਨੇ ਗ਼ਰੀਬੀ ਘਟਾਉਣ ਵਿੱਚ ਬਹੁਤ ਵਧੀਆ ਤਰੱਕੀ ਕੀਤੀ ਹੈ। ਦੁਨੀਆ ਵਿੱਚ ਸਭ ਤੋਂ ਤੇਜ਼ ਗਤੀ ਨਾਲ ਗ਼ਰੀਬੀ ਵਿੱਚ ਗਿਰਾਵਟ ਲਿਆਉਣ ਵਾਲੇ ਦੇਸ਼ਾਂ ਵਿੱਚ ਭਾਰਤ ਸ਼ਾਮਲ ਹੈ। ਵਿਸ਼ਵ ਬੈਂਕ ਨੇ ਕਿਹਾ ਹੈ ਕਿ ਅੱਗੇ ਵੀ ਗ਼ਰੀਬੀ ਘਟੇਗੀ। ਵਰ੍ਹੇ 2026 ਵਿੱਚ ਭਾਰਤ ਵਿੱਚ 14.2 ਫੀਸਦੀ ਗ਼ਰੀਬੀ ਦਰ ਹੈ, ਜੋ 2028 ਤੱਕ 12.1% ਰਹਿਣ ਦਾ ਅਨੁਮਾਨ ਹੈ।

ਵਿਸ਼ਵ ਬੈਂਕ ਨੇ ਅੱਗੇ ਲਿਖਿਆ ਹੈ ਕਿ 2011 ਤੋਂ 2023 ਦੇ ਦਰਮਿਆਨ, ਰੋਜ਼ਾਨਾ ਲਗਭਗ 400 ਰੁਪਏ ਤੋਂ ਘੱਟ ਕਮਾਈ ਵਿੱਚ ਜੀਵਨ ਗੁਜ਼ਾਰਨ ਵਾਲੇ ਲੋਕਾਂ ਦਾ ਹਿੱਸਾ 57.7% ਤੋਂ ਘਟ ਕੇ 16.1% ਹੋ ਗਿਆ। ਕਰੀਬ 49.6 ਕਰੋੜ ਲੋਕ ਗ਼ਰੀਬੀ ਤੋਂ ਬਾਹਰ ਨਿਕਲੇ। ਉੱਥੇ ਹੀ ਅਤਿਅੰਤ ਗਰੀਬਾਂ ਦਾ ਪ੍ਰਤੀਸ਼ਤ 27.1 ਤੋਂ ਘਟ ਕੇ 2.6 ਰਹਿ ਗਿਆ। ਗ਼ਰੀਬੀ ਘਟਣ ਦੇ ਪ੍ਰਮੁੱਖ ਕਾਰਨਾਂ ਵਿੱਚ ਰੁਜ਼ਗਾਰ ਅਤੇ ਵਿਸ਼ੇਸ਼ ਤੌਰ 'ਤੇ ਮਹਿਲਾਵਾਂ ਦੇ ਰੁਜ਼ਗਾਰ ਵਿੱਚ ਵਾਧਾ ਦੱਸਿਆ ਗਿਆ ਹੈ। ਨਾਲ ਹੀ ਸਰਕਾਰ ਤੋਂ ਸਸਤਾ ਅਨਾਜ ਮਿਲਣਾ ਅਤੇ ਖਰਚ ਅਤੇ ਖਪਤ ਵਿੱਚ ਵਾਧਾ ਵੀ ਗ਼ਰੀਬੀ ਘਟਾਉਣ ਵਿੱਚ ਸਹਾਇਕ ਬਣਿਆ ਹੈ।

## ਭਾਰਤ ਦਾ ਉਭਰਦਾ ਸੁਪਰਕੰਪਿਊਟਿੰਗ ਈਕੋਸਿਸਟਮ

ਭਾਰਤ ਡਿਜੀਟਲ ਇੰਡੀਆ ਦੇ ਨਾਲ ਹੀ ਡੇਟਾ ਸੈਂਟਰ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਈਕੋਸਿਸਟਮ ਨੂੰ ਵੀ ਮਜ਼ਬੂਤ ਕਰ ਰਿਹਾ ਹੈ। ਇਸ ਈਕੋਸਿਸਟਮ ਦੀ ਵਜ੍ਹਾ ਨਾਲ ਦੇਸ਼ ਵਿੱਚ ਉੱਨਤ ਕੰਪਿਊਟਿੰਗ ਇਨਫ੍ਰਾਸਟ੍ਰਕਚਰ ਦੀ ਮੰਗ ਵੀ ਵਧ ਰਹੀ ਹੈ। ਦੁਨੀਆ ਦਾ ਲਗਭਗ 20 ਪ੍ਰਤੀਸ਼ਤ ਡੇਟਾ ਭਾਰਤ ਪੈਦਾ ਕਰਦਾ ਹੈ। ਆਰਟੀਫਿਸ਼ੀਅਲ ਇੰਟੈਲੀਜੈਂਸ, ਮੌਸਮ ਪੂਰਵ-ਅਨੁਮਾਨ ਅਤੇ ਪੁਲਾੜ ਖੋਜ ਵਿੱਚ ਕੰਪਿਊਟਿੰਗ ਸਮਰੱਥਾਵਾਂ ਦੀ ਜ਼ਰੂਰਤ ਹੁੰਦੀ ਹੈ। ਇਹੋ ਵਜ੍ਹਾ ਹੈ ਕਿ ਕੇਂਦਰ ਸਰਕਾਰ ਖੋਜ ਸੰਸਥਾਨਾਂ ਵਿੱਚ ਸੁਪਰ ਕੰਪਿਊਟਿੰਗ ਤੱਕ ਪਹੁੰਚ ਦਾ ਵਿਸਤਾਰ ਕਰ ਰਹੀ ਹੈ। ਰਾਸ਼ਟਰੀ ਸੁਪਰ ਕੰਪਿਊਟਿੰਗ ਮਿਸ਼ਨ ਵਿੱਚ ਹੋ ਰਹੇ ਕਾਰਜਾਂ ਦਾ ਹੀ ਨਤੀਜਾ ਹੈ ਕਿ ਸਤੰਬਰ 2026 ਤੱਕ ਭਾਰਤ ਆਪਣੇ 40 ਸੁਪਰ ਕੰਪਿਊਟਰ ਸਥਾਪਿਤ ਕਰ ਚੁੱਕਿਆ ਹੈ, ਜਿਨ੍ਹਾਂ ਦੀ ਸਮਰੱਥਾ 68 ਪੈਟਾਫਲੌਪ ਹੈ। ਇਸ ਦਾ ਮੁੱਖ ਟੀਚਾ 123 ਪੈਟਾਫਲੌਪਸ ਤੋਂ ਵੱਧ ਦੀ ਕੁੱਲ ਸਮਰੱਥਾ ਵਾਲੇ 50 ਸਿਸਟਮ ਸਥਾਪਿਤ ਕਰਨਾ ਹੈ।






## ਕੈਂਸਰ ਦੀਆਂ ਦਵਾਈਆਂ ਸਸਤੀਆਂ ਹੋਣਗੀਆਂ....

### ਸਲਾਨਾ 2,500 ਕਰੋੜ ਰੁਪਏ ਦੀ ਹੋਵੇਗੀ ਬੱਚਤ

ਸਰਕਾਰ ਨੇ ਗੈਰ-ਅਨੁਸੂਚਿਤ ਕੈਂਸਰ ਰੋਕਥਾਮ ਦਵਾਈਆਂ 'ਤੇ ਸਪਲਾਈ ਅਤੇ ਵਿਕਰੀ ਵਿੱਚ ਲਏ ਜਾਣ ਵਾਲੇ ਮਾਰਜਿਨ ਨੂੰ ਵੱਧ ਤੋਂ ਵੱਧ ਪ੍ਰਚੂਨ ਕੀਮਤ (ਐੱਮਆਰਪੀ) ਦੇ 30% ਤੱਕ ਸੀਮਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਨਾਲ ਕੁਝ ਦਵਾਈਆਂ ਦੀਆਂ ਕੀਮਤਾਂ ਵਿੱਚ 70% ਤੱਕ ਕਮੀ ਆਉਣ ਅਤੇ ਇਸ ਨਾਲ ਸਲਾਨਾ ਲਗਭਗ 2,500 ਕਰੋੜ ਰੁਪਏ ਦੀ ਬੱਚਤ ਹੋਣ ਦੀ ਉਮੀਦ ਹੈ।

ਫ਼ਿਲਹਾਲ ਜ਼ਰੂਰੀ ਸੂਚੀਬੱਧ ਕੈਂਸਰ ਦਵਾਈਆਂ ਦੀਆਂ ਕੀਮਤਾਂ 'ਤੇ ਸਰਕਾਰ ਦਾ ਕੰਟਰੋਲ ਹੈ। ਹੁਣ ਇਹ ਵਿਵਸਥਾ ਸੂਚੀ ਤੋਂ ਬਾਹਰ ਦੀਆਂ ਕੈਂਸਰ ਦਵਾਈਆਂ ਤੱਕ ਵੀ ਵਧਾਈ ਜਾਵੇਗੀ। ਇਨ੍ਹਾਂ ਵਿੱਚ ਬ੍ਰਾਂਡਿਡ ਅਤੇ ਜੈਨੇਰਿਕ, ਦੇਸ਼ ਵਿੱਚ ਬਣੀਆਂ ਅਤੇ ਆਯਾਤ ਕੀਤੀਆਂ ਅਤੇ ਪੇਟੈਂਟ ਵਾਲੀਆਂ ਅਤੇ ਬਿਨਾ ਪੇਟੈਂਟ ਵਾਲੀਆਂ ਦਵਾਈਆਂ ਵੀ ਸ਼ਾਮਲ ਹੋਣਗੀਆਂ। ਸਰਕਾਰ ਦੇ ਅਨੁਸਾਰ, ਅਜਿਹੀਆਂ ਦਵਾਈਆਂ ਦੀ ਕੀਮਤ ਸਪਲਾਈ ਚੇਨ ਵਿੱਚ ਔਸਤਨ ਲਗਭਗ 170% ਤੱਕ ਵਧ ਜਾਂਦੀ ਹੈ, ਜਦੋਂ ਕਿ ਕੁਝ ਮਾਮਲਿਆਂ ਵਿੱਚ ਇਹ ਵਾਧਾ 700% ਤੋਂ ਵੱਧ ਹੈ। 2019 ਵਿੱਚ 42 ਗੈਰ-ਸੂਚੀਬੱਧ ਕੈਂਸਰ ਦਵਾਈਆਂ 'ਤੇ ਮਾਰਜਿਨ ਸੀਮਾ ਲਗਾਉਣ ਨਾਲ 526 ਬ੍ਰਾਂਡਾਂ ਦੀ MRP ਵਿੱਚ 91% ਤੱਕ ਕਮੀ ਆਈ ਸੀ। ਮਰੀਜ਼ਾਂ ਨੂੰ 984 ਕਰੋੜ ਰੁਪਏ ਦੀ ਸਲਾਨਾ ਬੱਚਤ ਹੋਈ ਸੀ।

## ਸੰਚਾਰ ਸਾਥੀ ਨਾਲ ਜਾਗਰੂਕ ਹੋਏ ਲੋਕ...

### ਰੋਕੀ 5,000 ਕਰੋੜ ਰੁਪਏ ਦੀ ਧੋਖਾਧੜੀ

ਸਾਈਬਰ ਅਪਰਾਧ ਅਤੇ ਵਿੱਤੀ ਧੋਖਾਧੜੀ ਲਈ ਦੂਰਸੰਚਾਰ ਸੰਸਾਧਨਾਂ ਦੀ ਦੁਰਵਰਤੋਂ ਨੂੰ ਰੋਕਣ ਦੇ ਲਈ ਸ਼ੁਰੂ ਕੀਤਾ ਗਿਆ ਸੰਚਾਰ ਸਾਥੀ ਪੋਰਟਲ ਲੋਕਾਂ ਨੂੰ ਨਾ ਸਿਰਫ਼ ਜਾਗਰੂਕ ਕਰ ਰਿਹਾ ਹੈ ਸਗੋਂ 5 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਵੀ ਰੋਕ ਚੁੱਕਿਆ ਹੈ। ਮਈ 2023 ਵਿੱਚ ਸ਼ੁਰੂ ਹੋਣ ਤੋਂ ਬਾਅਦ ਸਤੰਬਰ 2026 ਤੱਕ ਇਸ ਪੋਰਟਲ ਨੂੰ 30 ਕਰੋੜ ਤੋਂ ਵੱਧ ਵਾਰ ਦੇਖਿਆ ਗਿਆ ਹੈ। ਇੰਨਾ ਹੀ ਨਹੀਂ 4 ਕਰੋੜ ਲੋਕਾਂ ਨੇ ਆਪਣੇ ਨਾਮ ਮੋਬਾਈਲ ਕਨੈਕਸ਼ਨ ਦੀ ਜਾਣਕਾਰੀ ਦੇ ਲਈ ਸੰਪਰਕ ਕੀਤਾ ਹੈ।

### ਆਮ ਨਾਗਰਿਕਾਂ ਦੇ ਲਈ ਸੇਵਾਵਾਂ

- ਗੁਆਚਿਆ ਜਾਂ ਚੋਰੀ ਹੋਇਆ ਫੋਨ: ਫੋਨ ਨੂੰ ਸਾਰੇ ਨੈੱਟਵਰਕਾਂ 'ਤੇ ਬਲੌਕ ਅਤੇ ਟ੍ਰੈਕ ਕਰਵਾਇਆ ਜਾ ਸਕਦਾ ਹੈ। ਹੁਣ ਤੱਕ 14 ਲੱਖ ਤੋਂ ਵੱਧ ਹੈਂਡਸੈੱਟ ਬਰਾਮਦ ਹੋਏ ਹਨ।
- ਆਪਣੇ ਨਾਮ ਦੇ ਮੋਬਾਈਲ ਕਨੈਕਸ਼ਨ: ਨਾਗਰਿਕ ਦੇਖ ਸਕਦੇ ਹਨ ਕਿ ਉਨ੍ਹਾਂ ਦੇ ਨਾਮ 'ਤੇ ਕਿੰਨੇ ਕਨੈਕਸ਼ਨ ਜਾਰੀ ਹਨ ਅਤੇ ਅਣਜਾਣ ਕਨੈਕਸ਼ਨ ਦੀ ਰਿਪੋਰਟ ਕਰ ਸਕਦੇ ਹਨ।
- ਸ਼ੱਕੀ ਕਾਲ ਜਾਂ ਮੈਸੇਜ: 'ਚਕਸ਼ੂ' ਸੁਵਿਧਾ ਰਾਹੀਂ ਫ਼ਰਜ਼ੀ ਕਾਲ, ਐੱਸਐੱਮਐੱਸ ਅਤੇ ਵ੍ਹਾਟਸਐਪ ਸੰਦੇਸ਼ਾਂ ਦੀ ਸ਼ਿਕਾਇਤ ਕੀਤੀ ਜਾ ਸਕਦੀ ਹੈ।





**ਕੇਂਦਰੀ ਕੈਬਨਿਟ ਦੇ ਫ਼ੈਸਲੇ**

# ਐੱਮਐੱਸਐੱਮਈ ਨੂੰ 10,000 ਕਰੋੜ ਰੁਪਏ ਦਾ ਫੰਡ

# ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਦਾ ਵਿਸਤਾਰ

*ਛੋਟੇ ਅਤੇ ਦਰਮਿਆਨੇ ਉਦਯੋਗਾਂ ਵਿੱਚ ਸਿੱਧੇ ਇਕੁਇਟੀ ਨਿਵੇਸ਼ ਦੇ ਲਈ ਕੇਂਦਰੀ ਕੈਬਨਿਟ ਨੇ ਐੱਸਐੱਮਈ ਗ੍ਰੋਥ ਫੰਡ ਦੀ ਸਥਾਪਨਾ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ ਨਾਲ ਇਨ੍ਹਾਂ ਉਦਯੋਗਾਂ ਵਿੱਚ ਨਵੀਂ ਊਰਜਾ ਦਾ ਸੰਚਾਰ ਹੋਵੇਗਾ। ਇਸ ਫੰਡ ਨਾਲ ਉਦਯੋਗਾਂ ਦੇ ਵਿਸਤਾਰ, ਤਕਨਾਲੋਜੀ ਨੂੰ ਅਪਣਾਉਣ ਅਤੇ ਗਲੋਬਲ ਮਾਰਕਿਟ ਵਿੱਚ ਪਹੁੰਚ ਨੂੰ ਮਜ਼ਬੂਤੀ ਮਿਲੇਗੀ। ਇਸ ਦੇ ਨਾਲ ਹੀ, ਰੁਜ਼ਗਾਰ ਦੇ ਜ਼ਿਆਦਾ ਅਵਸਰ ਪੈਦਾ ਹੋਣਗੇ। ਇਸ ਤੋਂ ਇਲਾਵਾ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਨੂੰ ਅਗਲੇ ਪੰਜ ਵਰ੍ਹਿਆਂ ਤੱਕ ਜਾਰੀ ਰੱਖਣ, ਏਕੀਕ੍ਰਿਤ ਆਵਾਜਾਈ ਅਤੇ ਲੌਜਿਸਟਿਕਸ ਅਥਾਰਿਟੀ ਗਠਨ ਸਮੇਤ ਹੋਰ ਪ੍ਰਸਤਾਵਾਂ ਨੂੰ ਵੀ ਮਿਲੀ ਹੈ ਮਨਜ਼ੂਰੀ....*

**ਫ਼ੈਸਲਾ:** ਛੋਟੇ ਅਤੇ ਦਰਮਿਆਨੇ ਉਦਯੋਗਾਂ ਵਿੱਚ ਸਿੱਧੇ ਇਕੁਇਟੀ ਨਿਵੇਸ਼ ਦੇ ਲਈ ਐੱਸਐੱਮਈ ਗ੍ਰੋਥ ਫੰਡ ਦੀ ਸਥਾਪਨਾ ਦੇ ਲਈ 10,000 ਕਰੋੜ ਰੁਪਏ ਦੀ ਮਨਜ਼ੂਰੀ।

**ਪ੍ਰਭਾਵ:** ਇਸ ਪਹਿਲ ਦੇ ਮਾਧਿਅਮ ਨਾਲ ਉੱਦਮੀਆਂ ਨੂੰ ਸਸ਼ਕਤ ਬਣਾਉਣ ਅਤੇ ਪ੍ਰਤੀਯੋਗੀ ਉੱਦਮੀਆਂ ਦੀ ਇੱਕ ਨਵੀਂ ਪੀੜ੍ਹੀ ਨੂੰ ਹੁਲਾਰਾ ਦੇਣ ਦੀ ਸਰਕਾਰ ਦੀ ਪ੍ਰਤੀਬੱਧਤਾ ਦੀ ਪੁਸ਼ਟੀ ਹੁੰਦੀ ਹੈ। ਉੱਚ ਵਿਕਾਸ ਦਰ ਵਾਲੇ ਛੋਟੇ ਅਤੇ ਦਰਮਿਆਨੇ ਉਦਯੋਗਾਂ ਵਿੱਚ ਨਿਵੇਸ਼ ਨੂੰ ਹੁਲਾਰਾ ਦੇ ਕੇ, ਇਹ ਫੰਡ ਮੋਹਰੀ ਉੱਦਮੀਆਂ ਦਾ ਨਿਰਮਾਣ ਕਰਨ, ਨਵੀਨਤਾ-ਅਧਾਰਿਤ ਉਦਯੋਗੀਕਰਣ ਨੂੰ ਗਤੀ ਦੇਣ ਅਤੇ ਦੇਸ਼ ਭਰ ਵਿੱਚ ਗੁਣਵੱਤਾਪੂਰਨ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਸਹਾਇਕ ਹੋਵੇਗਾ। ਇਹ ਪਹਿਲ 2047 ਤੱਕ ਵਿਕਸਿਤ ਭਾਰਤ ਦੇ ਟੀਚੇ ਨੂੰ ਅੱਗੇ ਵਧਾਉਣ ਵਿੱਚ ਇੱਕ ਮਹੱਤਵਪੂਰਨ ਥੰਮ੍ਹ ਦੇ ਰੂਪ ਵਿੱਚ ਕੰਮ ਕਰੇਗੀ।

- ਟੀਅਰ-II ਅਤੇ ਟੀਅਰ-III ਸ਼ਹਿਰਾਂ ਸਮੇਤ ਉਦਯੋਗਿਕ ਸਮੂਹਾਂ ਵਿੱਚ ਨਿਵੇਸ਼ ਨਾਲ ਖੇਤਰੀ ਉਦਯੋਗਿਕ ਵਿਕਾਸ ਨੂੰ ਹੁਲਾਰਾ ਮਿਲੇਗਾ।
- ਸਥਾਨਕ ਸਪਲਾਈ ਚੇਨ ਨੂੰ ਮਜ਼ਬੂਤੀ ਮਿਲੇਗੀ ਅਤੇ ਉੱਚ ਗੁਣਵੱਤਾ ਵਾਲੇ ਰੁਜ਼ਗਾਰ ਸਿਰਜਿਤ ਹੋਣਗੇ।

**ਫ਼ੈਸਲਾ:** ਆਵਾਜਾਈ ਅਤੇ ਲੌਜਿਸਟਿਕਸ ਖੇਤਰ ਵਿੱਚ ਖੋਜ, ਯੋਜਨਾ, ਮੁਲਾਂਕਣ, ਨਿਗਰਾਨੀ ਅਤੇ ਪ੍ਰਭਾਵ ਦੇ ਮੁਲਾਂਕਣ ਨੂੰ ਮਜ਼ਬੂਤ ਕਰਨ ਦੇ ਲਈ ਏਕੀਕ੍ਰਿਤ ਆਵਾਜਾਈ ਅਤੇ ਲੌਜਿਸਟਿਕਸ ਅਥਾਰਿਟੀ (ਆਈਟੀਐੱਲਏ) - ਇੱਕ ਸਪੈਸ਼ਲ ਪਰਪਜ ਵ੍ਹੀਕਲ ਦੀ ਸਥਾਪਨਾ ਨੂੰ ਮਨਜ਼ੂਰੀ।

**ਪ੍ਰਭਾਵ:** ਇਸ ਦਾ ਉਦੇਸ਼ ਆਵਾਜਾਈ ਨਾਲ ਸਬੰਧਿਤ ਵੱਖ-ਵੱਖ ਮੰਤਰਾਲਿਆਂ ਅਤੇ ਏਜੰਸੀਆਂ ਵਿੱਚ ਬਿਖਰੀ ਹੋਈਆਂ ਯੋਜਨਾਵਾਂ ਅਤੇ ਲਾਗੂਕਰਨ ਨਾਲ ਪੈਦਾ ਹੋਈਆਂ ਲੰਬੇ ਸਮੇਂ ਦੀਆਂ ਚੁਣੌਤੀਆਂ ਨੂੰ ਹੱਲ ਕਰਨਾ ਹੈ।

- ਆਈਟੀਐੱਲਏ ਦੇ ਮਾਧਿਅਮ ਨਾਲ ਬਿਹਤਰ ਤਾਲਮੇਲ ਅਤੇ ਮਲਟੀ-ਮੌਡਲ ਇੰਟੀਗ੍ਰੇਸ਼ਨ ਨੂੰ ਹੁਲਾਰਾ ਦੇ ਕੇ ਭਾਰਤ ਵਿੱਚ ਆਵਾਜਾਈ ਸਬੰਧੀ ਇਨਫ੍ਰਾਸਟ੍ਰਕਚਰ ਦੇ ਵਿਕਾਸ ਦੀ ਕਾਰਜਕੁਸ਼ਲਤਾ, ਸਥਿਰਤਾ ਅਤੇ ਪ੍ਰਭਾਵਸ਼ੀਲਤਾ ਵਿੱਚ ਵਾਧਾ ਹੋਣ ਦੀ ਉਮੀਦ ਹੈ।
- ਆਈਟੀਐੱਲਏ ਦੀ ਸਥਾਪਨਾ ਭਾਰਤ ਦੇ ਵਿਜ਼ਨ 2047 ਨੂੰ ਸਾਕਾਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ।
- ਬਹੁਆਯਾਮੀ ਸੰਪਰਕ ਨੂੰ ਮਜ਼ਬੂਤ ਕਰਨ, ਬੁਨਿਆਦੀ ਢਾਂਚੇ ਦੀ ਕੁਸ਼ਲਤਾ ਵਿੱਚ ਸੁਧਾਰ, ਲੌਜਿਸਟਿਕਸ ਲਾਗਤ ਵਿੱਚ ਕਮੀ ਲਿਆਉਣ ਅਤੇ ਭਾਰਤ ਦੀ ਗਲੋਬਲ ਲੌਜਿਸਟਿਕਸ ਪ੍ਰਤੀਯੋਗਿਤਾ ਨੂੰ ਵਧਾਉਣ ਵਿੱਚ ਸਹਾਇਤਾ ਮਿਲੇਗੀ।
- ਆਈਟੀਐੱਲਏ ਖੋਜ, ਯੋਜਨਾ, ਡੇਟਾ ਏਕੀਕਰਣ, ਪ੍ਰੋਜੈਕਟ ਨਿਗਰਾਨੀ ਅਤੇ ਮੁਲਾਂਕਣ ਦੇ ਲਈ ਸੰਸਥਾਗਤ ਸਮਰੱਥਾ ਦਾ ਨਿਰਮਾਣ ਕਰੇਗੀ।
- ਸਮਰੱਥਾ ਵਿਕਾਸ ਅਤੇ ਅੰਤਰਰਾਸ਼ਟਰੀ ਸਰਵੋਤਮ ਤੌਰ-ਤਰੀਕਿਆਂ ਨੂੰ ਅਪਣਾਉਣ ਵਿੱਚ ਸਹਿਯੋਗ ਪ੍ਰਦਾਨ ਕਰੇਗੀ। ■

ਕੈਬਨਿਟ ਦੇ ਫ਼ੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।




**फ़ैसला: राष्ट्रीय सामाजिक सहायता प्रोग्राम को पांच वर्षों के लिए 2026-27 से 2030-31 तक जारी रखने की मंज़ूरी।**

**प्रभाव:** पेंशन के लिए दिव्यांगता की घटती-घटती सीमा 80% से घटा कर 40% कर दी गई है, जिस से अधिक से अधिक दिव्यांगजन इस योजना का लाभ ले सकेंगे।

- अब दिव्यांगजनों को जन्म से ही पेंशन योजना के दायरे में शामिल किया जाएगा।
- इन बदलावों से अधिक दिव्यांगजनों को सामाजिक सुरक्षा का लाभ मिलेगा और पेंशन योजना का दायरा बढ़ेगा।
- योजना और इस की उप-योजनाओं के नाम बदले जाएंगे।
- इस के लिए 53,428 करोड़ रुपए का कुल बजट निर्धारित किया गया है।
- 36 राज्यों/केंद्र शासित प्रदेशों में कुल 3.20 करोड़ लोगों को लाभ मिलेगा।
- यह भी लाज़मी किया गया है कि दिव्यांगता संबंधी सहायता अन्य श्रेणियों के लिए प्रस्तावित समान योजनाओं की तुलना में हमेशा 25 प्रतिशत अधिक हो।

**फ़ैसला:** लगभग 11.40 लाख रेलवे कर्मचारियों के लिए 78 दिनों के उत्पादकता-आधारित बोनस (पीएलबी) को मंज़ूरी।

**प्रभाव:** यह दिन-रात मेहनत करने वाले कर्मचारियों के लिए दीवाली का तोहफ़ा है। 2,009.61 करोड़ रुपए का कुल बोनस दिया गया है। योग्य रेलवे कर्मचारियों को पीएलबी का भुगतान हर साल दुर्गा पूजा/दशहरे की छुट्टियों से पहले किया जाता है।

**फ़ैसला:** आर्थिक मामलों की कैबिनेट कमेटी ने आईडीबीआई बैंक लिमिटेड के रणनीतिक पुनर्गठन को मंज़ूरी दी।

**प्रभाव:** बैंक की कुल 60.72% इक्विटी हिस्सेदारी एक रणनीतिक खरीदार को बेची जाएगी। इस में भारत सरकार की 30.48% और भारतीय जीवन बीमा निगम (एलआईसी) की 30.24% हिस्सेदारी शामिल है।

- इस लेन-देन के बाद आईडीबीआई बैंक लिमिटेड में भारत सरकार की 15% और एलआईसी की 19% हिस्सेदारी बनी रहेगी।

कैबिनेट के फ़ैसलों ‘पर प्रेस ब्रीफ़िंग देखने के लिए QR कोड स्कैन करें।







‘ਵੀ ਵਿੱਲ ਡੂ ਇਟ’

# ਨਵੇਂ ਭਾਰਤ ਦੀ ਸਮੂਹਿਕ ਸ਼ਕਤੀ ਦਾ ਪ੍ਰਤੀਕ

*ਗੁਜਰਾਤ ਦੇ ਮੁੱਖ ਮੰਤਰੀ ਤੋਂ ਲੈ ਕੇ ਭਾਰਤ ਦੇ ਪ੍ਰਧਾਨ ਮੰਤਰੀ ਤੱਕ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 25 ਵਰ੍ਹਿਆਂ ਦੇ ਜਨਤਕ ਸੇਵਾ ਸਫ਼ਰ ਵਿੱਚ ਨੀਤੀਗਤ ਫ਼ੈਸਲਿਆਂ, ਜਨਤਕ ਭਲਾਈ ਦੀਆਂ ਪਹਿਲਕਦਮੀਆਂ, ਰਾਸ਼ਟਰੀ ਮਿਸ਼ਨ ਅਤੇ ਸੁਧਾਰਾਂ ਦੇ ਕਈ ਮਹੱਤਵਪੂਰਨ ਪੜਾਅ ਰਹੇ ਹਨ। ਇਸ ਵਿੱਚ ਨੀਤੀ ਤੋਂ ਲੈ ਕੇ ਅੰਤਿਮ ਲਾਈਨ ਵਿੱਚ ਖੜ੍ਹੇ ਵਿਅਕਤੀ ਤੱਕ ਪਹੁੰਚ, ਆਤਮ ਨਿਰਭਰਤਾ ਤੋਂ ਤਕਨੀਕ ਤੱਕ, ਰਾਸ਼ਟਰੀ ਸੁਰੱਖਿਆ ਤੋਂ ਸੰਸਥਾਗਤ ਸੁਧਾਰ ਤੱਕ ਸ਼ਾਮਲ ਰਹੇ ਹਨ। ਇਹੋ ਕਾਰਨ ਹੈ ਕਿ ਕੇਂਦਰੀ ਕੈਬਨਿਟ ਨੇ 6 ਅਕਤੂਬਰ ਨੂੰ ਉਨ੍ਹਾਂ ਦੇ 25 ਵਰ੍ਹਿਆਂ ਦੀ ਨਿਰੰਤਰ, ਅਖੰਡ ਅਗਵਾਈ ‘ਤੇ ਵਧਾਈ ਪ੍ਰਸਤਾਵ ਪਾਸ ਕੀਤਾ। ਨਾਲ ਹੀ 7 ਅਕਤੂਬਰ ਨੂੰ ਸੇਵਾ ਦੇ 25 ਵਰ੍ਹੇ ਪੂਰੇ ਹੋਣ ‘ਤੇ ਆਯੋਜਿਤ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਸੰਬੋਧਨ ਵਿੱਚ ‘ਵੀ ਵਿੱਲ ਡੂ ਇਟ’ (ਅਸੀਂ ਕਰਕੇ ਰਹਾਂਗੇ) ਨੂੰ ਨਵੇਂ ਭਾਰਤ ਦੀ ਸਮੂਹਿਕ ਸ਼ਕਤੀ ਦਾ ਦੱਸਿਆ ਪ੍ਰਤੀਕ...*

ਇੱਕ ਸਫ਼ਰ  ਜੋ 25 ਵਰ੍ਹਿਆਂ ਦੀ ਜਨਤਕ ਸੇਵਾ-ਜਨਤਾ ਦੇ ਦਰਮਿਆਨ, ਦੇਸ਼ ਦੇ ਲਈ ਅਤੇ ਰਾਸ਼ਟਰ ਨਿਰਮਾਣ ਦੇ ਸੰਕਲਪ ਅਤੇ ਸਮਰਪਣ ਨਾਲ ਅੱਗੇ ਵਧਦਾ ਗਿਆ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 25 ਵਰ੍ਹਿਆਂ ਦੀ ਸੇਵਾ ਦੇ ਦੌਰਾਨ ਨਾ ਸਿਰਫ਼ ਵੱਡੇ ਫ਼ੈਸਲੇ ਲਏ ਸਗੋਂ ਨਵੀਂ ਸੋਚ ਦੀ ਨੀਂਹ ਰੱਖੀ। 7 ਅਕਤੂਬਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ 25 ਵਰ੍ਹਿਆਂ ਦੇ ਸਫ਼ਰ  ਨੂੰ ਦੇਸ਼ਵਾਸੀਆਂ ਦੇ ਵਿਸ਼ਵਾਸ ਅਤੇ ਵਰਕਰਾਂ ਦੀ ਮਿਹਨਤ ਦੀ ਸਾਂਝੀ ਪੂੰਜੀ ਦੱਸਿਆ। ਨਾਲ ਹੀ ਉਨ੍ਹਾਂ ਨੇ ਜਨ ਸ਼ਕਤੀ ਨੂੰ ਆਪਣੀ ਸਭ ਤੋਂ ਵੱਡੀ ਤਾਕਤ ਦੱਸਦੇ ਹੋਏ ਵਿਕਸਿਤ ਭਾਰਤ ਦੇ ਸੰਕਲਪ ਨੂੰ ਨਵੀਂ ਊਰਜਾ ਦੇ ਨਾਲ ਅੱਗੇ ਵਧਣ ਦਾ ਸੱਦਾ ਦਿੱਤਾ।

## ਸ਼੍ਰੀ ਵਿਨਾਯਕ ਮੰਦਿਰ ਵਿੱਚ ਪੂਜਾ ਅਰਚਨਾ

ਪ੍ਰਧਾਨ ਮੰਤਰੀ ਮੋਦੀ ਨੇ 7 ਅਕਤੂਬਰ ਦੀ ਸਵੇਰ ਸ਼੍ਰੀ ਵਿਨਾਯਕ ਮੰਦਿਰ ਵਿੱਚ ਪੂਜਾ ਅਰਚਨਾ ਕੀਤੀ ਅਤੇ ਦੇਸ਼ ਦੇ 140 ਕਰੋੜ ਨਾਗਰਿਕਾਂ ਦੇ ਲਈ ਪ੍ਰਾਰਥਨਾ ਕੀਤੀ। ਉਨ੍ਹਾਂ ਨੇ ਖੁਦ ਦੇ ਲਈ ਸ਼ਕਤੀ ਮੰਗੀ ਕਿ ਉਹ ਦੇਸ਼ ਦੀ ਹੋਰ ਜ਼ਿਆਦਾ ਊਰਜਾ ਦੇ ਨਾਲ ਸੇਵਾ ਕਰ ਸਕਣ। ਉਨ੍ਹਾਂ ਨੇ ਕਿਹਾ ਕਿ ਅੱਜ ਉਹ ਜਿੱਥੇ ਹਨ ਅਤੇ ਜਿਸ ਜ਼ਿੰਮੇਵਾਰੀ ‘ਤੇ ਹਨ, ਉਸ ਵਿੱਚ ਸਭ ਤੋਂ ਵੱਡਾ ਯੋਗਦਾਨ ਜਨਤਾ-ਜਨਾਰਦਨ ਦੇ ਨਾਲ ਹੀ ਲੱਖਾਂ ਵਰਕਰਾਂ ਦੇ ਵਿਸ਼ਵਾਸ ਅਤੇ ਮਿਹਨਤ ਦਾ ਹੈ।



# ਅੱਜ ਵੀ ਖੁਦ ਨੂੰ ਵਿਦਿਆਰਥੀ ਮੰਨਦੇ ਹਨ ਪ੍ਰਧਾਨ ਮੰਤਰੀ ਮੋਦੀ

ਪ੍ਰਧਾਨ ਮੰਤਰੀ ਨੇ ਆਪਣੇ ਵਿਦਿਆਰਥੀ ਜੀਵਨ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਸਿੱਖਣ ਦੀ ਇੱਛਾ ਉਨ੍ਹਾਂ ਦੇ ਜੀਵਨ ਦਾ ਹਿੱਸਾ ਰਹੀ ਹੈ ਅਤੇ ਉਹ ਅੱਜ ਵੀ ਖੁਦ ਨੂੰ ਵਿਦਿਆਰਥੀ ਮੰਨਦੇ ਹਨ। ਉਨ੍ਹਾਂ ਨੇ ਕਿਹਾ ਕਿ ਪਿੱਛੇ ਮੁੜ ਕੇ ਦੇਖਣ 'ਤੇ ਉਨ੍ਹਾਂ ਦੇ ਮਨ ਵਿੱਚ ਸਿਰਫ਼ ਸ਼ੁਕਰਾਨੇ ਦੀ ਭਾਵਨਾ ਆਉਂਦੀ ਹੈ। ਉਨ੍ਹਾਂ ਨੇ ਕਿਹਾ ਕਿ ਜਿਸ ਨੇ ਉਨ੍ਹਾਂ ਨੂੰ ਜਿਤਾਇਆ, ਉਸ ਨੇ ਨਿਮਰ ਹੋਣਾ ਸਿਖਾਇਆ, ਜਿਸ ਨੇ ਗਿਰਾਇਆ, ਉਸ ਨੇ ਮੁੜ ਤੋਂ ਖੜ੍ਹਾ ਹੋਣਾ ਸਿਖਾਇਆ। ਵਿਰੋਧ ਨੇ ਉਨ੍ਹਾਂ ਨੂੰ ਲੋਕਤੰਤਰ ਦੀ ਸ਼ਕਤੀ ਸਮਝਾਈ ਅਤੇ ਹਰ ਸੰਕਟ ਨੇ ਧੀਰਜ ਦੀ ਪ੍ਰੀਖਿਆ ਲਈ।

## ਸੁਪਨੇ ਵੱਡੇ ਅਤੇ ਹੌਂਸਲੇ ਬੁਲੰਦ ਹੋਣੇ ਚਾਹੀਦੇ ਹਨ

ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿੰਡਾਂ ਅਤੇ ਗ਼ਰੀਬਾਂ ਦੇ ਜੀਵਨ ਨੇ ਉਨ੍ਹਾਂ ਨੂੰ ਇਹ ਸਿਖਾਇਆ ਕਿ ਸੰਸਾਧਨ ਸੀਮਤ ਹੋ ਸਕਦੇ ਹਨ, ਪਰ ਸੁਪਨੇ ਵੱਡੇ ਅਤੇ ਹੌਂਸਲੇ ਬੁਲੰਦ ਹੋਣੇ ਚਾਹੀਦੇ ਹਨ। ਉਨ੍ਹਾਂ ਨੇ ਦੇਸ਼ ਦੀ ਸੱਭਿਆਚਾਰਕ ਪਰੰਪਰਾ ਅਤੇ ਵਲੰਟੀਅਰਾਂ ਦੇ ਯੋਗਦਾਨ ਨੂੰ ਵੀ ਨਮਨ ਕੀਤਾ। ਉਨ੍ਹਾਂ ਨੇ ਕਿਹਾ ਕਿ ਮਾਂ ਭਾਰਤੀ ਦੀ ਸੇਵਾ ਦੇ ਸੰਕਲਪ ਦੇ ਨਾਲ ਕੰਮ ਕਰਨ ਵਾਲੇ ਕਰੋੜਾਂ ਵਲੰਟੀਅਰਾਂ ਅਤੇ ਵਰਕਰਾਂ ਦਾ ਸਹਿਯੋਗ ਉਨ੍ਹਾਂ ਦੇ ਸਫ਼ਰ ਦੀ ਵੱਡੀ ਸ਼ਕਤੀ ਰਿਹਾ ਹੈ।

## 'We Will Do It'

ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿੱਚ 'We Will Do It' ਨੂੰ ਨਵੇਂ ਭਾਰਤ ਦੀ ਸਾਂਝੀ ਸ਼ਕਤੀ ਦਾ ਪ੍ਰਤੀਕ ਦੱਸਿਆ। ਉਨ੍ਹਾਂ ਨੇ ਕਿਹਾ ਕਿ ਵਿਕਸਿਤ ਭਾਰਤ ਦਾ ਟੀਚਾ ਸਿਰਫ਼ ਯਾਦ ਕਰਨ ਦਾ ਵਿਸ਼ਾ ਨਹੀਂ, ਸਗੋਂ ਸੰਕਲਪਾਂ ਨੂੰ ਨਵੀਂ ਊਰਜਾ ਦੇਣ ਦਾ ਮੌਕਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ

> *"ਜਿਸ ਨੇ ਮੈਨੂੰ ਜਿਤਾਇਆ... ਉਸ ਨੇ ਮੈਨੂੰ ਨਿਮਰ ਹੋਣਾ ਸਿਖਾਇਆ। ਜਿਸ ਨੇ ਮੈਨੂੰ ਗਿਰਾਇਆ... ਉਸ ਨੇ ਮੈਨੂੰ ਫਿਰ ਤੋਂ ਖੜ੍ਹਾ ਹੋਣਾ ਸਿਖਾਇਆ। ਜਿਸ ਨੇ ਮੇਰਾ ਸਾਥ ਦਿੱਤਾ... ਉਸ ਨੇ ਮੈਨੂੰ ਭਰੋਸੇ ਦੀ ਸ਼ਕਤੀ ਦਿਖਾਈ। ਜਿਸ ਨੇ ਮੇਰਾ ਵਿਰੋਧ ਕੀਤਾ... ਉਸ ਨੇ ਮੈਨੂੰ ਲੋਕਤੰਤਰ ਦੀ ਸ਼ਕਤੀ ਸਮਝਾਈ ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

25 ਵਰ੍ਹਿਆਂ ਦੇ ਜਨਤਕ ਜੀਵਨ ਦੇ ਸਫ਼ਰ ਨੂੰ ਉਹ ਨਿਜੀ ਮਹਿਮਾਮੰਡਲ ਦੇ ਰੂਪ ਵਿੱਚ ਨਹੀਂ ਦੇਖਦੇ। ਉਨ੍ਹਾਂ ਦੇ ਲਈ ਜੀਵਨ ਦਾ ਉਦੇਸ਼ ਅਹੁਦਾ ਜਾਂ ਰਾਜਨੀਤਕ ਇੱਛਾ ਨਹੀਂ, ਸਗੋਂ ਮਿਸ਼ਨ ਹੈ।




# ਕੈਬਨਿਟ ਨੇ ਪਾਸ ਕੀਤਾ 25 ਵਰ੍ਹਿਆਂ ਦਾ ਨਿਰੰਤਰ, ਅਖੰਡ ਅਗਵਾਈ 'ਤੇ ਵਧਾਈ ਪ੍ਰਸਤਾਵ

**ਕੇਂਦਰੀ ਕੈਬਨਿਟ ਨੇ 6 ਅਕਤੂਬਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸਰਕਾਰ ਦੇ ਮੁਖੀ ਦੇ ਰੂਪ ਵਿੱਚ 25 ਵਰ੍ਹਿਆਂ ਤੱਕ ਨਿਰੰਤਰ ਅਗਵਾਈ ਪੂਰੀ ਕਰਨ 'ਤੇ ਵਧਾਈ ਦੇਣ ਵਾਲਾ ਪ੍ਰਸਤਾਵ ਪਾਸ ਕੀਤਾ। ਇਹ ਰਸਮੀ ਸਨਮਾਨ ਤੋਂ ਕਿਤੇ ਵੱਧ ਰਾਸ਼ਟਰ ਪਹਿਲਾਂ ਅਤੇ ਨਾਗਰਿਕ ਪਹਿਲਾਂ ਦੇ ਸਿਧਾਂਤ ਤੋਂ ਨਿਰਦੇਸ਼ਿਤ ਪ੍ਰਧਾਨ ਮੰਤਰੀ ਮੋਦੀ ਦੀ ਅਸਧਾਰਨ ਯਾਤਰਾ ਦਾ ਉਤਸਵ ਹੈ। ਗੁਜਰਾਤ ਵਿੱਚ ਤਿੰਨ ਵਾਰ ਮਿਲੇ ਪ੍ਰਚੰਡ ਜਨਾਦੇਸ਼ ਅਤੇ ਲਗਾਤਾਰ ਤਿੰਨ ਲੋਕ ਸਭਾ ਚੋਣਾਂ ਵਿੱਚ ਮਿਲੇ ਸਮਰਥਨ ਤੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਜਨਤਾ ਦਾ ਅਟੂੱਟ ਭਰੋਸਾ ਝਲਕਦਾ ਹੈ। ਪੜ੍ਹੋ ਪ੍ਰਸਤਾਵ ਦੇ ਮਹੱਤਵਪੂਰਨ ਅੰਸ਼...**

**ਇਹ ਦਸ ਮੁੱਖ ਵਿਸ਼ੇਸ਼ਤਾਵਾਂ ਗੁਜਰਾਤ ਅਤੇ ਫਿਰ ਸੰਪੂਰਨ ਭਾਰਤ ਵਿੱਚ ਉਨ੍ਹਾਂ ਦੀ ਅਗਵਾਈ ਨੂੰ ਜੋੜਨ ਵਾਲੇ ਅਟੂੱਟ ਸੂਤਰ ਨੂੰ ਦਰਸਾਉਂਦੀਆਂ ਹਨ।**

### 1. ਗੁਜਰਾਤ ਤੋਂ ਭਾਰਤ ਤੱਕ ਵਿਕਾਸ ਦੇ ਦ੍ਰਿਸ਼ਟੀਕੋਣ ਦਾ ਵਿਸਥਾਰ

ਪ੍ਰਸਤਾਵ ਵਿੱਚ ਦੱਸਿਆ ਗਿਆ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਕਿਸ ਤਰ੍ਹਾਂ ਨਾਲ ਗੁਜਰਾਤ ਦੀਆਂ ਸਫਲ ਪਹਿਲਕਦਮੀਆਂ ਨੂੰ ਰਾਸ਼ਟਰੀ ਪੱਧਰ 'ਤੇ ਪਹੁੰਚਾਇਆ। ਸਵਾਗਤ (SWAGAT) ਪਹਿਲਕਦਮੀ ਜਿਸ ਦੇ ਜ਼ਰੀਏ ਉਨ੍ਹਾਂ ਨੇ ਨਿਜੀ ਤੌਰ 'ਤੇ ਨਾਗਰਿਕਾਂ ਦੀਆਂ ਸ਼ਿਕਾਇਤਾਂ ਸੁਣੀਆਂ, ਉਸ ਨੂੰ 2010 ਸੰਯੁਕਤ ਰਾਸ਼ਟਰ ਲੋਕ ਸੇਵਾ ਪੁਰਸਕਾਰ ਮਿਲਿਆ। ਬਾਅਦ ਵਿੱਚ ਪਹਿਲਕਦਮੀ ਨੇ ਪ੍ਰਗਤੀ (PRAGATI) ਨੂੰ ਪ੍ਰੇਰਿਤ ਕੀਤਾ ਜਿਸ ਨੇ ਸਰਕਾਰਾਂ ਨੂੰ ਇਕੱਠੇ ਲਿਆ ਕੇ ਰੁਕੇ ਹੋਏ ਪ੍ਰੋਜੈਕਟਾਂ ਦੀ ਸਮੀਖਿਆ ਕਰਨ, ਰੁਕਾਵਟਾਂ ਨੂੰ ਦੂਰ ਕਰਨ ਅਤੇ ਉਨ੍ਹਾਂ ਨੂੰ ਪੂਰਾ ਕਰਨ ਵਿੱਚ ਤੇਜ਼ੀ ਲਿਆਉਣ ਦਾ ਕੰਮ ਕੀਤਾ। ਇਸੇ ਤਰ੍ਹਾਂ ਖੇਤੀਬਾੜੀ ਦੇ ਲਈ ਜਯੋਤਿਗ੍ਰਾਮ ਦੀ ਵੱਖਰੀ ਬਿਜਲੀ ਲਾਈਨ ਇੱਕ ਰਾਸ਼ਟਰੀ ਦ੍ਰਿਸ਼ਟੀਕੋਣ ਬਣ ਗਈ, ਗੁਜਰਾਤ ਦੇ ਇਸ ਅਨੁਭਵ ਦਾ ਸੰਪੂਰਨ ਭਾਰਤ ਵਿੱਚ ਵਿਸਥਾਰ ਹੋਇਆ।

### 2. ਗ਼ਰੀਬਾਂ ਪ੍ਰਤੀ ਦਇਆ ਨੇ ਵਿਆਪਕ ਪੱਧਰ 'ਤੇ ਸਨਮਾਨ ਦਾ ਰੂਪ ਲੈ ਲਿਆ

ਪ੍ਰਧਾਨ ਮੰਤਰੀ ਮੋਦੀ ਦੀ ਗ਼ਰੀਬੀ ਦੇ ਪ੍ਰਤੀ ਸੰਵੇਦਨਸ਼ੀਲਤਾ ਉਨ੍ਹਾਂ ਦੀ ਮਾਂ ਨੂੰ ਰੋਜ਼ਾਨਾ ਦੀਆਂ ਮੁਸ਼ਕਲਾਂ ਨਾਲ ਜੂਝਦੇ ਹੋਏ ਦੇਖਣ ਅਤੇ ਯਾਤਰਾਵਾਂ ਦੌਰਾਨ ਕਮੀ ਦਾ ਸਾਹਮਣਾ ਕਰਨ ਨਾਲ ਵਿਕਸਿਤ ਹੋਈ।

## ਜਨ ਸ਼ਕਤੀ ਦੇ ਜ਼ੋਰ 'ਤੇ ਗੁਜਰਾਤ ਨੇ ਹਾਸਲ ਕੀਤੀਆਂ ਵਿਕਾਸ ਦੀਆਂ ਨਵੀਆਂ ਉਚਾਈਆਂ

ਪ੍ਰਧਾਨ ਮੰਤਰੀ ਨੇ ਗੁਜਰਾਤ ਦੇ ਮੁੱਖ ਮੰਤਰੀ ਦੇ ਰੂਪ ਵਿੱਚ ਆਪਣੇ ਤਜ਼ਰਬਿਆਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਉਸ ਸਮੇਂ ਉਨ੍ਹਾਂ ਕੋਲ ਸ਼ਾਸਨ ਦਾ ਲੰਬਾ ਤਜ਼ਰਬਾ ਨਹੀਂ ਸੀ, ਪਰ ਜਨਤਾ 'ਤੇ ਭਰੋਸਾ ਸੀ। ਉਨ੍ਹਾਂ ਨੇ ਜਨਤਾ ਨੂੰ ਨਾਲ ਲੈ ਕੇ ਫ਼ੈਸਲੇ ਲੈਣ, ਨੀਤੀਆਂ ਬਣਾਉਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਨੂੰ ਆਪਣੀ ਕਾਰਜਸ਼ੈਲੀ ਦਾ ਅਧਾਰ ਬਣਾਇਆ। ਇਸੇ ਜਨ ਸ਼ਕਤੀ ਦੇ ਜ਼ੋਰ 'ਤੇ ਗੁਜਰਾਤ ਨੇ ਵਿਕਾਸ ਦੀਆਂ ਨਵੀਆਂ ਉਚਾਈਆਂ ਹਾਸਲ ਕੀਤੀਆਂ। ਪ੍ਰਧਾਨ ਮੰਤਰੀ ਨੇ ਕਿਹਾ ਕਿ 2014 ਵਿੱਚ

### 3. ਸਸ਼ਕਤੀਕਰਣ ਨਾਲ ਸਮਾਜ ਦੇ ਸਾਰੇ ਖੇਤਰਾਂ ਵਿੱਚ ਖੁੱਲ੍ਹੇ ਮੌਕੇ

ਇਸ ਪ੍ਰਸਤਾਵ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਲੋਕਾਂ ਨੂੰ ਆਪਣਾ ਭਵਿੱਖ ਸੁਧਾਰਨ ਵਿੱਚ ਸਹਾਇਤਾ ਕਰਨ ਦਾ ਸੰਕਲਪ ਸਪਸ਼ਟ ਤੌਰ ‘ਤੇ ਝਲਕਦਾ ਹੈ। ਲਗਭਗ 3.5 ਕਰੋੜ ਮਹਿਲਾਵਾਂ ਲਖਪਤੀ ਦੀਦੀ ਬਣੀਆਂ, ਨਾਲ ਹੀ ਨਾਰੀ ਸ਼ਕਤੀ ਵੰਦਨ ਅਧਿਨਿਯਮ ਦੇ ਤਹਿਤ ਮਹਿਲਾਵਾਂ ਦੇ ਲਈ ਰਾਖਵੇਂਕਰਣ ਦਾ ਪ੍ਰਾਵਧਾਨ ਕੀਤਾ ਗਿਆ। ਸਟਾਰਟਅੱਪ, ਕੌਸ਼ਲ਼ ਵਿਕਾਸ ਅਤੇ ਸਿੱਖਿਆ ਸਬੰਧੀ ਸੁਧਾਰਾਂ ਨੇ ਨੌਜਵਾਨਾਂ ਦੇ ਲਈ ਮੌਕਿਆਂ ਦਾ ਵਿਸਥਾਰ ਕੀਤਾ। ਪੀਐੱਮ-ਕਿਸਾਨ ਯੋਜਨਾ ਦੇ ਤਹਿਤ 4 ਲੱਖ ਕਰੋੜ ਰੁਪਏ ਤੋਂ ਵੱਧ ਟ੍ਰਾਂਸਫ਼ਰ ਕੀਤੇ ਸਿੱਧੇ ਕਿਸਾਨਾਂ ਦੇ ਖਾਤਿਆਂ ਵਿੱਚ, ਜਦਕਿ ਪੀਐੱਮ- ਜਨਮਨ ਯੋਜਨਾ ਨੇ ਵਿਸ਼ੇਸ਼ ਤੌਰ ‘ਤੇ ਕਮਜ਼ੋਰ ਕਬਾਇਲੀ ਭਾਈਚਾਰਿਆਂ ਨੂੰ ਟੀਚਾਬੱਧ ਸਹਾਇਤਾ ਪ੍ਰਦਾਨ ਕੀਤੀ ਜਿਸ ਨਾਲ ਇਤਿਹਾਸਕ ਤੌਰ ‘ਤੇ ਪਿਛੜੇ ਭਾਈਚਾਰਿਆਂ ਤੱਕ ਵਿਕਾਸ ਦਾ ਵਿਸਥਾਰ ਹੋਇਆ।

### 4. ਸੁਧਾਰ ਦੇ ਪ੍ਰਤੀ ਅਟੁੱਟ ਵਚਨਬੱਧਤਾ

ਪ੍ਰਸਤਾਵ ਵਿੱਚ ਰਾਜਨੀਤਕ ਜੋਖਮਾਂ ਦੇ ਬਾਵਜੂਦ ਸੁਧਾਰਾਂ ਨੂੰ ਅੱਗੇ ਵਧਾਉਣ ਦੀ ਪ੍ਰਧਾਨ ਮੰਤਰੀ ਮੋਦੀ ਦੀ ਤਤਪਰਤਾ ਵੱਲ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਜੀਐੱਸਟੀ, ਕਲਿਆਣਕਾਰੀ ਵੰਡ ਵਿੱਚ ਸੁਧਾਰ ਅਤੇ ਬਸਤੀਵਾਦੀ ਕਾਨੂੰਨਾਂ ਦੀ ਮੁੜ ਸਥਾਪਨਾ ਲੰਬੇ ਸਮੇਂ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਉਨ੍ਹਾਂ ਦੇ ਦ੍ਰਿੜ੍ਹ ਸੰਕਲਪ ਨੂੰ ਦਰਸਾਉਂਦਾ ਹੈ। ਸਵੱਛਤਾ, ਡਿਜੀਟਲ ਭੁਗਤਾਨ ਅਤੇ ਸਥਾਨਕ ਉਤਪਾਦਾਂ ‘ਤੇ ਉਨ੍ਹਾਂ ਦੀ ਅਪੀਲ ਨੇ ਨਾਗਰਿਕਾਂ ਨੂੰ ਬਦਲਾਅ ਦੇ ਲਈ ਪ੍ਰੇਰਿਤ ਕੀਤਾ।

### 5. ਆਤਮ ਨਿਰਭਰ ਭਾਰਤ ਦੀ ਨੀਂਹ ਦਾ ਨਿਰਮਾਣ

ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਜਨਤਕ ਪੂੰਜੀਗਤ ਖਰਚ 2 ਲੱਖ ਕਰੋੜ ਰੁਪਏ ਤੋਂ ਵਧ ਕੇ 12 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਹੋ ਗਿਆ। ਨਾਲ ਹੀ ਰਾਜਮਾਰਗ ਦਾ ਰਿਕਾਰਡ ਵਿਸਥਾਰ ਅਤੇ ਲਗਭਗ ਸੌ- ਫੀਸਦੀ ਰੇਲਵੇ ਦਾ ਇਲੈਕਟ੍ਰੀਫਿਕੇਸ਼ਨ ਵੀ ਹੋਇਆ। ਇਲੈਕਟ੍ਰੌਨਿਕਸ ਉਤਪਾਦਨ ਲਗਭਗ 2 ਲੱਖ ਕਰੋੜ ਰੁਪਏ ਤੋਂ ਵਧ ਕੇ 13 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਹੋ ਗਿਆ। ਰੱਖਿਆ ਉਤਪਾਦਨ ਅਤੇ ਸੈਮੀਕੰਡਕਟਰ ਮੈਨੂਫੈਕਚਰਿੰਗ ਭਾਰਤ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਸਮਰੱਥਾ ਨੂੰ ਮਜ਼ਬੂਤੀ ਦੇਣ ਦੇ ਉਨ੍ਹਾਂ ਦੇ ਦ੍ਰਿੜ੍ਹ ਸੰਕਲਪ ਨੂੰ ਦਰਸਾਉਂਦੇ ਹਨ।

### 6. ਤਕਨਾਲੋਜੀ ਨਾਲ ਰਾਸ਼ਟਰੀ ਮਹੱਤਵਾਕਾਂਖਿਆ ਦਾ ਵਿਸਥਾਰ

ਪ੍ਰਧਾਨ ਮੰਤਰੀ ਮੋਦੀ ਦਾ ਤਕਨਾਲੋਜੀ ‘ਤੇ ਵਿਸ਼ਵਾਸ ਰੋਜ਼ਾਨਾ ਦੀਆਂ ਸੇਵਾਵਾਂ ਅਤੇ ਵਿਗਿਆਨਕ ਖੇਤਰ ਵਿੱਚ ਹਾਸਲ ਕੀਤੀਆਂ ਗਈਆਂ ਪ੍ਰਾਪਤੀਆਂ ਤੋਂ ਸਪਸ਼ਟ ਹੁੰਦਾ ਹੈ। ਜਨ ਧਨ, ਆਧਾਰ ਅਤੇ ਮੋਬਾਈਲ ਸੰਪਰਕ ਨੇ ਭਲਾਈ ਯੋਜਨਾਵਾਂ ਦੀ ਵੰਡ ਵਿੱਚ ਸੁਧਾਰ ਕੀਤਾ ਜਦਕਿ ਯੂਪੀਆਈ ਨੇ ਭੁਗਤਾਨ ਪ੍ਰਣਾਲੀ ਦਾ ਕਾਇਆ ਕਲਪ ਕਰ ਦਿੱਤਾ। ਭਾਰਤ ਵਿੱਚ ਕੋਵਿਡ-19 ਦੇ ਟੀਕੇ ਵਿਕਸਿਤ ਕਰਨਾ ਅਤੇ ਚੰਦ੍ਰਯਾਨ-3 ਨੂੰ ਚੰਦ੍ਰਮਾ ਦੇ ਦੱਖਣੀ ਧਰੁਵ ਦੇ ਨੇੜੇ ਉਤਾਰਨਾ, ਪ੍ਰਧਾਨ ਮੰਤਰੀ ਮੋਦੀ ਦੇ ਵਿਗਿਆਨਕ ਰੂਪ ਨਾਲ ਸਮਰੱਥ, ਸਵੈ- ਨਿਰਭਰ ਅਤੇ ਆਤਮ ਨਿਰਭਰ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ।

### 7. ਉਥਲ-ਪੁਥਲ ਭਰੇ ਸਮੇਂ ਵਿੱਚ ਮਜ਼ਬੂਤ ਅਗਵਾਈ

ਇਸ ਪ੍ਰਸਤਾਵ ਵਿੱਚ ਆਲਮੀ ਉਥਲ-ਪੁਥਲ ਦੇ ਦੌਰ ਵਿੱਚ ਭਾਰਤ ਨੂੰ ਦਿਸ਼ਾ ਦੇਣ ਦੀ ਪ੍ਰਧਾਨ ਮੰਤਰੀ ਮੋਦੀ ਦੀ ਸਮਰੱਥਾ ਨੂੰ ਦੱਸਿਆ ਗਿਆ ਹੈ। ਕੋਵਿਡ- 19 ਦੇ ਦੌਰਾਨ ਉਨ੍ਹਾਂ ਨੇ ਦੇਸ਼ ਨੂੰ ਇਕਜੁੱਟ ਕੀਤਾ, ਘਰੇਲੂ ਟੀਕਿਆਂ ਦੇ ਵਿਕਾਸ ਦਾ ਸਮਰਥਨ ਅਤੇ ਤੀਬਰਤਾ ਨਾਲ ਟੀਕਾਕਰਣ ਨੂੰ ਸੰਭਵ ਬਣਾਇਆ। ਪੱਛਮੀ ਏਸ਼ੀਆ ਸੰਕਟ ਦੇ ਦੌਰਾਨ ਸਮੇਂ ਸਿਰ ਲਏ ਗਏ ਫ਼ੈਸਲਿਆਂ ਅਤੇ ਊਰਜਾ ਸੁਰੱਖਿਆ ਸਬੰਧੀ ਉਪਾਵਾਂ ਨੇ ਭਾਰਤ ਨੂੰ ਰੁਕਾਵਟਾਂ ਦਾ ਸਾਹਮਣਾ ਕਰਨ ਵਿੱਚ ਮਦਦ ਕੀਤੀ।

### 8. ਫੈਸਲਾਕੁੰਨ ਅਗਵਾਈ ਨਾਲ ਸ਼ਾਂਤੀ ਅਤੇ ਆਤਮ ਵਿਸ਼ਵਾਸ ਹੋਇਆ ਯਕੀਨੀ

2016 ਦੀ ਸਰਜੀਕਲ ਸਟ੍ਰਾਇਕ, 2019 ਦੇ ਬਾਲਾਕੋਟ ਹਵਾਈ ਹਮਲੇ ਅਤੇ 2025 ਦਾ ਆਪ੍ਰੇਸ਼ਨ ਸਿੰਦੂਰ, ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਸਥਾਪਿਤ ਰਾਸ਼ਟਰੀ ਸੁਰੱਖਿਆ ਦੀ ਰਣਨੀਤਕ ਸਰਹੱਦਾਂ ਨੂੰ ਦਰਸਾਉਂਦੇ ਹਨ। ਪ੍ਰਸਤਾਵ ਵਿੱਚ ਇਨ੍ਹਾਂ ਨੂੰ ਧਾਰਾ 370 ਨੂੰ ਹਟਾਉਣ, ਵੰਨ ਰੈਂਕ, ਵੰਨ ਪੈਨਸ਼ਨ ਅਤੇ ਚੀਫ ਆਫ ਡਿਫੈਂਸ ਸਟਾਫ ਦੇ ਅਹੁਦੇ ਦੀ ਸਿਰਜਣਾ ਦੇ ਨਾਲ ਰੱਖਿਆ ਗਿਆ ਹੈ। ਮਾਓਵਾਦੀ ਅੱਤਵਾਦ ਦੇ ਵਿਰੁੱਧ ਕਾਰਵਾਈ ਅਤੇ ਉੱਤਰ ਪੂਰਬ ਵਿੱਚ ਸ਼ਾਂਤੀ-ਯਤਨਾਂ ਨਾਲ ਅਜਿਹੀ ਅਗਵਾਈ ਦਾ ਪਤਾ ਚੱਲਦਾ ਹੈ ਜੋ ਰਾਸ਼ਟਰੀ ਸੰਕਲਪ ਨੂੰ ਵਿਕਾਸ, ਸਥਿਰਤਾ ਅਤੇ ਜਨਤਕ ਵਿਸ਼ਵਾਸ ਦੇ ਨਾਲ ਜੋੜਦਾ ਹੈ।

### 9. ਵਿਸ਼ਵ ਮੰਚ ‘ਤੇ ਵਧ ਰਿਹਾ ਭਾਰਤ ਦਾ ਪ੍ਰਭਾਵ ਅਤੇ ਮਹੱਤਵ

ਇਸ ਪ੍ਰਸਤਾਵ ਵਿੱਚ ਭਾਰਤ ਦੀ ਵਧ ਰਹੀ ਪ੍ਰਤਿਸ਼ਠਾ ਨੂੰ ਪ੍ਰਧਾਨ

---

ਉਨ੍ਹਾਂ ਨੂੰ ਦੇਸ਼ ਦੇ ਪ੍ਰਧਾਨ ਸੇਵਕ ਦੇ ਰੂਪ ਵਿੱਚ ਸੇਵਾ ਦਾ ਮੌਕਾ ਮਿਲਿਆ। ਉਸ ਸਮੇਂ ਦੇਸ਼ ਆਰਥਿਕ ਚੁਣੌਤੀਆਂ, ਮਹਿੰਗਾਈ ਅਤੇ ਨਿਰਾਸ਼ਾ ਨਾਲ ਜੂਝ ਰਿਹਾ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਫਿਰ ਜਨ ਸ਼ਕਤੀ ਦਾ ਸੱਦਾ ਦਿੱਤਾ ਅਤੇ ‘We Will Do It’ ਦਾ ਵਿਸ਼ਵਾਸ ਜਗਾਇਆ।

## ਅੱਜ ਰਿਫੋਰਮ ਦੀ ਗਤੀ ਦੀ ਚਰਚਾ

ਪ੍ਰਧਾਨ ਮੰਤਰੀ ਮੋਦੀ ਨੇ ਬੀਤੇ ਵਰ੍ਹਿਆਂ ਵਿੱਚ ਭਾਰਤ ਦੀ ਅਰਥਵਿਵਸਥਾ, ਨਿਰਮਾਣ, ਨਿਰਯਾਤ, ਮੋਬਾਈਲ ਉਤਪਾਦਨ ਅਤੇ ਸੌਰ ਊਰਜਾ ਸਮੇਤ ਵੱਖ-ਵੱਖ ਖੇਤਰਾਂ ਵਿੱਚ ਆਈਆਂ ਤਬਦੀਲੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਜਿੱਥੇ



ਮੰਤਰੀ ਮੋਦੀ ਦੀ ਵੱਖ-ਵੱਖ ਮਤਭੇਦਾਂ ਦੇ ਬਾਵਜੂਦ ਸਹਿਯੋਗ ਸਥਾਪਿਤ ਕਰਨ ਦੀ ਸਮਰੱਥਾ ਨਾਲ ਜੋੜਿਆ ਗਿਆ ਹੈ। ਜੀ20 ਅਤੇ ਬ੍ਰਿਕਸ ਸਮਿਟਸ ਵਿੱਚ ਸਰਬ ਸਹਿਮਤੀ ਦਾ ਨਿਰਮਾਣ, ਵਿਕਾਸਸ਼ੀਲ ਅਤੇ ਪਿੱਛੜੇ ਦੇਸ਼ਾਂ  ਦੇ ਪੱਖ ਦਾ ਸਮਰਥਨ ਅਤੇ ਅਫਰੀਕੀ ਯੂਨੀਅਨ ਦਾ ਜੀ20 ਵਿੱਚ ਸ਼ਾਮਲ ਹੋਣਾ ਉਨ੍ਹਾਂ ਦੀ ਕੂਟਨੀਤਕ ਅਗਵਾਈ ਨੂੰ ਦਰਸਾਉਂਦਾ ਹੈ। ਵੈਕਸੀਨ ਮੈਤ੍ਰੀ ਅਭਿਆਨ ਨੇ ਇਹ ਸਿੱਧ ਕਰ ਦਿੱਤਾ ਕਿ ਭਾਰਤ ਦੀਆਂ ਸਮਰੱਥਾਵਾਂ ਦੂਜਿਆਂ ਦੇ ਲਈ ਕਿਸ ਤਰ੍ਹਾਂ ਲਾਹੇਵੰਦ ਹੋ ਸਕਦੀਆਂ ਹਨ। 36 ਦੇਸ਼ਾਂ ਤੋਂ ਪ੍ਰਧਾਨ ਮੰਤਰੀ ਮੋਦੀ ਨੂੰ ਪ੍ਰਾਪਤ ਅੰਤਰਰਾਸ਼ਟਰੀ ਸਨਮਾਨ, ਸਾਂਝੇ ਸਮਾਧਾਨਾਂ ਵਿੱਚ ਭਾਰਤ ਦੇ ਵਧ ਰਹੇ ਪ੍ਰਭਾਵਾਂ ਅਤੇ ਯੋਗਦਾਨਾਂ ਨੂੰ ਦਰਸਾਉਂਦਾ ਹੈ।

### 10. ਪ੍ਰਗਤੀ ਨੂੰ ਵਿਰਾਸਤ ਅਤੇ ਜ਼ਿੰਮੇਵਾਰੀ ਤੋਂ ਸ਼ਕਤੀ ਮਿਲਦੀ ਹੈ

ਪ੍ਰਧਾਨ ਮੰਤਰੀ ਮੋਦੀ ਦੀ ਦੂਰ-ਦ੍ਰਿਸ਼ਟੀ ਵਿਕਾਸ, ਸੱਭਿਆਚਾਰਕ ਆਤਮ ਵਿਸ਼ਵਾਸ ਅਤੇ ਵਾਤਾਵਰਣ ਸਬੰਧੀ ਜ਼ਿੰਮੇਵਾਰੀ ਨੂੰ ਇਕੱਠਿਆਂ ਜੋੜਦੀ ਹੈ। ਜਲਵਾਯੂ ਪਰਿਵਰਤਨ ਸਬੰਧੀ ਕਾਰਜਾਂ ਵਿੱਚ ਗੁਜਰਾਤ ਦੇ ਸਮਰਪਿਤ ਵਿਭਾਗ ਤੋਂ ਲੈ ਕੇ ਅਖੁੱਟ ਊਰਜਾ ਵਿਸਥਾਰ ਅਤੇ ਅੰਤਰਰਾਸ਼ਟਰੀ ਸਾਂਝੇਦਾਰੀਆਂ ਤੱਕ ਪ੍ਰਗਤੀ ਹੋਈ ਹੈ। ਯੋਗ, ਮੋਟੇ ਅਨਾਜ, ਕਾਸ਼ੀ ਵਿਸ਼ਵਨਾਥ ਧਾਮ ਅਤੇ ਰਾਮਲਲਾ ਦੀ ਪ੍ਰਤਿਮਾ ਦੀ ਸਥਾਪਨਾ ਨੇ ਭਾਰਤ ਦੇ ਉਸ ਦੀ ਵਿਰਾਸਤ ਦੇ ਨਾਲ ਸਬੰਧ ਨੂੰ ਹੋਰ ਵੀ ਮਜ਼ਬੂਤੀ ਪ੍ਰਦਾਨ ਕੀਤੀ ਹੈ।

ਕੈਬਨਿਟ ਵਿੱਚ ਪਾਸ ਪ੍ਰਸਤਾਵ ਸ਼ਬਦ ਅੰਸ਼ ਪੜ੍ਹਨ ਦੇ ਲਈ QR ਕੋਡ ਸਕੈਨ ਕਰੋ।

---

ਪਹਿਲਾਂ ਸੰਕਟ ਦੇ ਸਮੇਂ ਭਾਰਤੀ ਅਰਥਵਿਵਸਥਾ ਦੀ ਕਮਜ਼ੋਰੀ ਬਾਰੇ ਚਰਚਾ ਹੁੰਦੀ ਸੀ, ਅੱਜ ਭਾਰਤ ਦੀ ਰੈਜ਼ੀਲੀਐਂਸ ਦੀ ਚਰਚਾ ਹੁੰਦੀ ਹੈ। ਖੇਤੀਬਾੜੀ ਖੇਤਰ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ 2015 ਤੋਂ 2025 ਦੇ ਦਹਾਕੇ ਵਿੱਚ ਖੇਤੀਬਾੜੀ ਦੇ ਖੇਤਰ ਵਿੱਚ ਜ਼ਿਕਰਯੋਗ ਪ੍ਰਗਤੀ ਹੋਈ ਹੈ।

### ‘ਸਬਕਾ ਸਾਥ, ਸਬਕਾ ਵਿਕਾਸ’ ਸੁਸ਼ਾਸਨ ਦਾ ਅਧਾਰ

ਪ੍ਰਧਾਨ ਮੰਤਰੀ ਨੇ ਕਿਹਾ ਕਿ ‘ਸਬਕਾ ਸਾਥ, ਸਬਕਾ ਵਿਕਾਸ’ ਉਨ੍ਹਾਂ ਦੇ ਲਈ ਸੁਸ਼ਾਸਨ ਦਾ ਅਧਾਰ ਹੈ। ਉਨ੍ਹਾਂ ਨੇ ਸੁਸ਼ਾਸਨ ਨੂੰ ‘ਸੈਚੁਰੇਸ਼ਨ’ ਨਾਲ ਜੋੜਦੇ ਹੋਏ ਕਿਹਾ ਕਿ ਇਸ ਦਾ ਅਰਥ ਹੈ ਕਿ ਹਰੇਕ ਯੋਗ ਲਾਭਪਾਤਰੀ ਤੱਕ ਯੋਜਨਾ ਦਾ ਲਾਭ ਪਹੁੰਚੇ, ਕੋਈ ਹੱਕਦਾਰ ਪਿੱਛੇ ਨਾ ਰਹਿ ਜਾਵੇ ਅਤੇ ਕਿਸੇ ਦੇ ਅਧਿਕਾਰ ‘ਤੇ ਕੋਈ ਡਾਕਾ ਨਾ ਮਾਰ ਸਕੇ।

### ਯੁਵਾ ਭਾਰਤ ਦੀ ਸਭ ਤੋਂ ਵੱਡੀ ਸ਼ਕਤੀ

ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਨੂੰ ਟੂਰਿਜ਼ਮ, ਸਿੱਖਿਆ, ਮਨੋਰੰਜਨ,

## ਸੁਸ਼ਾਸਨ ਦੇ 25 ਸਾਲ

# ਰਾਸ਼ਟਰਪਤੀ, ਆਲਮੀ ਨੇਤਾਵਾਂ ਅਤੇ ਸਹਿਯੋਗੀਆਂ ਨੇ ਕੀਤੀ ਸ਼ਲਾਘਾ

7 ਅਕਤੂਬਰ, 2026 ਨੂੰ ਸਰਕਾਰ ਦੇ ਪ੍ਰਮੁੱਖ ਦੇ ਰੂਪ ਵਿੱਚ ਲਗਾਤਾਰ 25 ਵਰ੍ਹਿਆਂ ਦਾ ਇਤਿਹਾਸਕ ਕਾਰਜਕਾਲ ਪੂਰਾ ਹੋਣ 'ਤੇ ਆਲਮੀ ਨੇਤਾਵਾਂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸ਼ੁਭਕਾਮਨਾਵਾਂ ਅਤੇ ਵਧਾਈਆਂ ਦਿੱਤੀਆਂ। ਵਰ੍ਹੇ 2001 ਵਿੱਚ ਪਹਿਲੀ ਵਾਰ ਗੁਜਰਾਤ ਦੇ ਮੁੱਖ ਮੰਤਰੀ ਦੇ ਰੂਪ ਵਿੱਚ ਅਹੁਦਾ ਸੰਭਾਲਣ ਅਤੇ ਉਸ ਤੋਂ ਬਾਅਦ 2014 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਦੇ ਬਾਅਦ ਤੋਂ 25 ਵਰ੍ਹੇ ਪੂਰੇ ਹੋਣ 'ਤੇ, ਆਲਮੀ ਨੇਤਾਵਾਂ ਨੇ ਉਨ੍ਹਾਂ ਦੀ ਪਰਿਵਰਤਨਸ਼ੀਲ ਅਗਵਾਈ, ਸਮਾਵੇਸ਼ ਅਤੇ ਟਿਕਾਊ ਵਿਕਾਸ ਦੇ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਇਹ ਮਹੱਤਵਪੂਰਨ ਉਪਲਬਧੀ ਲੋਕਾਂ ਦੀ ਭਲਾਈ ਦੇ ਪ੍ਰਤੀ ਅਟੂਟ ਵਚਨਬੱਧਤਾ ਅਤੇ ਭਾਰਤ ਦੀ ਪ੍ਰਗਤੀ ਨੂੰ ਅੱਗੇ ਵਧਾਉਣ ਦੇ ਦ੍ਰਿੜ੍ਹ ਸੰਕਲਪ ਨੂੰ ਦਰਸਾਉਂਦੀ ਹੈ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਤੋਂ ਇਲਾਵਾ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ, ਉਪ ਰਾਸ਼ਟਰਪਤੀ ਥਿਰੂ ਸੀਪੀ ਰਾਧਾਕ੍ਰਿਸ਼ਣਨ ਸਮੇਤ ਦੇਸ਼- ਵਿਦੇਸ਼ ਦੀਆਂ ਉੱਘੀਆਂ ਸ਼ਖਸੀਅਤਾਂ ਨੇ ਵੀ ਵਧਾਈ ਸੰਦੇਸ਼ ਦਿੱਤਾ। ਭੂਟਾਨ ਦੇ ਪ੍ਰਧਾਨ ਮੰਤਰੀ ਸ਼ੇਰਿੰਗ ਟੋਬਗੇ, ਨਾਇਜ਼ੀਰੀਆ ਦੇ ਰਾਸ਼ਟਰਪਤੀ ਬੋਲਾ ਅਹਿਮਦ ਟੀਨੁਬੂ ਸਮੇਤ ਫਿਲੀਪਿੰਸ ਦੇ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਵਧਾਈ ਦਿੱਤੀ। ਨਾਲ ਹੀ, ਨੇਪਾਲ ਦੇ ਪ੍ਰਧਾਨ ਮੰਤਰੀ, ਬੋਤਸਵਾਨਾ ਗਣਰਾਜ ਦੇ ਰਾਸ਼ਟਰਪਤੀ, ਬੈਲਜ਼ੀਅਮ ਦੇ ਪ੍ਰਧਾਨ ਮੰਤਰੀ, ਜਾਪਾਨ ਦੇ ਪ੍ਰਧਾਨ ਮੰਤਰੀ ਸਮੇਤ ਕੌਮਨ ਵੈਲਥ ਆਫ ਡੋਮਿਨਿਕਾ ਦੇ ਪ੍ਰਧਾਨ ਮੰਤਰੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਵੀ ਵਧਾਈ ਸੰਦੇਸ਼ ਦਿੱਤਾ।

### ਪ੍ਰਧਾਨ ਮੰਤਰੀ ਨੇ ਐੱਲ.ਕੇ. ਆਡਵਾਣੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਅਸ਼ੀਰਵਾਦ ਲਿਆ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੇਵਾ ਦੇ 25 ਵਰ੍ਹੇ ਦੇ ਮੌਕੇ 'ਤੇ ਸਾਬਕਾ ਉਪ ਪ੍ਰਧਾਨ ਮੰਤਰੀ ਐੱਲ. ਕੇ. ਆਡਵਾਣੀ ਨਾਲ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਅਸ਼ੀਰਵਾਦ ਲਿਆ। ਮੋਦੀ ਨੇ ਆਡਵਾਣੀ ਦੀ ਦਹਾਕਿਆਂ ਦੀ ਜਨਤਕ ਸੇਵਾ ਅਤੇ ਰਾਸ਼ਟਰੀ ਜੀਵਨ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਯੋਗਦਾਨ ਨੇ ਦੇਸ਼ ਦੀ ਪ੍ਰਗਤੀ 'ਤੇ ਇੱਕ ਅਮਿਟ ਛਾਪ ਛੱਡੀ ਹੈ।



ਸਿਹਤ ਅਤੇ ਵੈਲਨੈੱਸ, ਖੇਡਾਂ, ਨਵੀਨਤਾ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਵਿਸ਼ਵ ਦਾ ਮੋਹਰੀ ਦੇਸ਼ ਬਣਾਉਣ ਦੀ ਕਲਪਨਾ ਸਾਹਮਣੇ ਰੱਖੀ। ਉਨ੍ਹਾਂ ਨੇ ਨੌਜਵਾਨਾਂ ਨੂੰ ਭਾਰਤ ਦੀ ਸਭ ਤੋਂ ਵੱਡੀ ਸ਼ਕਤੀ ਦੱਸਦੇ ਹੋਏ ਕਿਹਾ ਕਿ ਦੇਸ਼ ਦੀ ਯੁਵਾ ਆਬਾਦੀ ਇਤਿਹਾਸ ਤੋਂ ਮਿਲਿਆ ਅਸਧਾਰਨ ਮੌਕਾ ਹੈ। ਇਸ ਦੀ ਵਰਤੋਂ ਕਰਦੇ ਹੋਏ ਅਜਿਹੇ ਯਤਨ ਕਰਨੇ ਹੋਣਗੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਰੁਕਾਵਟਾਂ ਦਾ ਸਾਹਮਣਾ ਨਾ ਕਰਨਾ ਪਵੇ।

### ਜੀਵਨ ਦਾ ਕਣ-ਕਣ, ਪਲ-ਪਲ ਭਾਰਤ ਦੀ ਧਰਤੀ ਨੂੰ ਸਮਰਪਿਤ

ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਨੂੰ ਇਹ ਪ੍ਰਣ ਲੈ ਕੇ ਅੱਗੇ ਵਧਣਾ ਹੈ ਕਿ ਰਾਸ਼ਟਰ ਪਹਿਲਾਂ ਮੇਰਾ ਸੰਕਲਪ ਰਹੇਗਾ, ਰਾਸ਼ਟਰ ਸਮ੍ਰਿੱਧੀ ਮੇਰਾ ਪ੍ਰਣ ਰਹੇਗਾ, ਰਾਸ਼ਟਰ ਦੀ ਸੇਵਾ ਮੇਰਾ ਟੀਚਾ ਰਹੇਗਾ। ਕਰਮ ਮੇਰਾ ਧਰਮ ਰਹੇਗਾ, ਕਰਤੱਵ ਪਾਲਣਾ ਮੇਰਾ ਪ੍ਰਣ ਰਹੇਗਾ। ਸਵੈ ਤੋਂ ਸਮੂਹਿਕ ਤੱਕ, ਮੈਂ ਤੋਂ ਅਸੀਂ ਤੱਕ, ਮੇਰੇ ਜੀਵਨ ਦਾ ਕਣ-ਕਣ, ਪਲ-ਪਲ ਭਾਰਤ ਦੀ ਧਰਤੀ ਨੂੰ ਸਮਰਪਿਤ ਰਹੇਗਾ ਅਤੇ ਜਦੋਂ ਤੱਕ ਭਾਰਤ ਵਿਕਸਿਤ ਨਹੀਂ ਹੁੰਦਾ, ਉਦੋਂ ਤੱਕ ਮੈਂ ਨਾ ਰੁਕਾਂਗਾ, ਨਾ ਥਕਾਂਗਾ ਨਾ ਹੀ ਆਪਣੇ ਰਸਤੇ ਤੋਂ ਡੋਲਾਂਗਾ।

# ਵੋਕਲ ਫੋਰ ਲੋਕਲ ਇੱਕ ਸੱਦਾ ਜੁੜ ਗਿਆ ਹਰ ਇੱਕ ਭਾਰਤੀ ਦਾ ਮਨ











*ਦੀਵਾਲੀ ਦੀ ਜਗਮਗ ਰੌਸ਼ਨੀ ਦੇ ਦਰਮਿਆਨ ਇਸ ਵਾਰ ਦੇਸ਼ ਇੱਕ ਹੋਰ ਉਜਾਲੇ ਦਾ ਜਸ਼ਨ ਮਨਾ ਰਿਹਾ ਹੈ- ਆਤਮ ਨਿਰਭਰਤਾ ਦਾ ਉਜਾਲਾ। 'ਮਨ ਕੀ ਬਾਤ' ਨਾਲ ਗੂੰਜਿਆ 'ਵੋਕਲ ਫੋਰ ਲੋਕਲ' ਦਾ ਸੱਦਾ ਅੱਜ ਸਿਰਫ਼ ਨਾਅਰਾ ਨਹੀਂ, ਜੀਵਨਸ਼ੈਲੀ ਬਣ ਚੁੱਕਿਆ ਹੈ। ਇਹ ਯਾਤਰਾ ਮਿੱਟੀ ਦੇ ਦੀਵੇ ਤੋਂ ਸ਼ੁਰੂ ਹੋ ਕੇ ਅੱਜ ਸੈਮੀਕੰਡਕਟਰ ਚਿੱਪ ਅਤੇ ਪ੍ਰਮਾਣੂ ਊਰਜਾ ਤੱਕ ਪਹੁੰਚ ਚੁੱਕੀ ਹੈ। ਖਾਦੀ ਹੋਵੇ ਜਾਂ ਰੱਖਿਆ ਨਿਰਯਾਤ, ਖਿਡੌਣਾ ਉਦਯੋਗ ਹੋਵੇ ਜਾਂ ਖੇਤੀਬਾੜੀ ਜਾਂ ਹੋਰ ਨਿਰਯਾਤ, ਭਾਰਤੀਅਤਾ ਦੀ ਗੂੰਜ ਦੁਨੀਆ ਭਰ ਵਿੱਚ ਸੁਣਾਈ ਦੇ ਰਹੀ ਹੈ। ਆਪ੍ਰੇਸ਼ਨ ਸਿੰਦੂਰ ਨੇ ਇਹ ਵੀ ਸਿਖਾ ਦਿੱਤਾ ਕਿ ਸਵਦੇਸ਼ੀ ਸਿਰਫ਼ ਬਜ਼ਾਰ ਦਾ ਵਿਸ਼ਾ ਨਹੀਂ, ਦੇਸ਼ ਦੀ ਸੁਰੱਖਿਆ ਦੀ ਢਾਲ ਵੀ ਹੈ। ਇਹ ਦੀਵਾਲੀ ਇਸ ਲਈ ਵੀ ਖਾਸ ਹੈ, ਕਿਉਂਕਿ ਇਹ ਉਹ ਮੋੜ ਹੈ ਜਿੱਥੇ ਭਾਰਤ ਆਪਣੇ ਕਾਰੀਗਰਾਂ ਦੇ ਹੁਨਰ 'ਤੇ ਮਾਣ ਕਰਦੇ ਹੋਏ 2047 ਦੇ ਵਿਕਸਿਤ ਭਾਰਤ ਦੀ ਨੀਂਹ ਰੱਖ ਰਿਹਾ ਹੈ। ਇਸ ਦੀਵਾਲੀ, ਛਠ ਮਹਾਪਰਵ ਵਰਗੇ ਤਿਉਹਾਰਾਂ ਦੇ ਪਵਿੱਤਰ ਮੌਕੇ 'ਤੇ ਆਓ ਜਾਣਦੇ ਹਾਂ ਕਿ ਕਿਵੇਂ ਹਰ ਦੀਵਾ, ਹਰ ਤੋਹਫਾ, ਹਰ ਖਰੀਦ ਸਿਰਫ਼ ਰੌਸ਼ਨੀ ਜਾਂ ਤਿਉਹਾਰ ਮਾਤਰ ਨਹੀਂ ਹਨ। ਹੁਣ ਇਹ 140 ਕਰੋੜ ਭਾਰਤੀਆਂ ਦਾ ਹੈ ਸਵਦੇਸ਼ੀ, ਆਤਮ ਨਿਰਭਰਤਾ ਅਤੇ ਸਮ੍ਰਿੱਧ ਭਾਰਤ ਦਾ ਸੰਕਲਪ...*







ਕਵਰ ਸਟੋਰੀ

## ਵੋਕਲ ਫੋਰ ਲੋਕਲ

ਭਾਰਤ ਤਿਉਹਾਰਾਂ ਦਾ ਦੇਸ਼ ਹੈ। ਇੱਥੇ ਹਰ ਧਰਮ, ਹਰ ਭਾਈਚਾਰੇ ਦੇ ਉਤਸਵ ਦੇ ਨਾਲ ਸਿਰਫ਼ ਖੁਸ਼ੀਆਂ ਨਹੀਂ, ਇੱਕ ਸੰਕਲਪ ਵੀ ਜੁੜਦਾ ਹੈ। ਹਰੇਕ ਸੰਕਲਪ ਦਾ ਆਪਣਾ ਇੱਕ ਅਰਥ ਅਤੇ ਇੱਕ ਮਹੱਤਵ ਹੁੰਦਾ ਹੈ। ਦੀਵਾਲੀ ਹਨ੍ਹੇਰੇ 'ਤੇ ਰੌਸ਼ਨੀ ਦੀ ਜਿੱਤ ਦਾ ਤਿਉਹਾਰ ਹੈ, ਤਾਂ ਈਦ ਭਾਈਚਾਰੇ ਅਤੇ ਸਮੂਹਿਕਤਾ ਦਾ ਸੰਦੇਸ਼ ਦਿੰਦੀ ਹੈ। ਕ੍ਰਿਸਮਸ ਪ੍ਰੇਮ ਅਤੇ ਦਿਆਲਤਾ ਦੀ ਸਿੱਖਿਆ ਦਿੰਦਾ ਹੈ, ਗੁਰਪਰਬ ਸੇਵਾ ਅਤੇ ਤਿਆਗ ਦਾ ਰਾਹ ਦਿਖਾਉਂਦਾ ਹੈ, ਤਾਂ ਬੁੱਧ ਪੂਰਣਿਮਾ ਦਇਆ ਅਤੇ ਅਹਿੰਸਾ ਦਾ ਪਾਠ ਪੜ੍ਹਾਉਂਦੀ ਹੈ। ਰੱਖੜੀ ਭਾਈ-ਭੈਣ ਦੇ ਪਿਆਰ ਨੂੰ ਇੱਕ ਧਾਗੇ ਵਿੱਚ ਪਿਰੋਂਦਾ ਹੈ, ਤਾਂ ਮਕਰ ਸਕ੍ਰਾਂਤੀ ਦਾਨ ਅਤੇ ਸਮਰਸਤਾ ਦਾ ਸੁਨੇਹਾ ਦਿੰਦੀ ਹੈ। ਛਠ ਮਹਾਪਰਵ ਸੂਰਜ ਅਤੇ ਜਲ ਦੇ ਪ੍ਰਤੀ ਕ੍ਰਿਤਘਤਾ ਦਾ ਅਨੁਸ਼ਾਸਨ ਅਤੇ ਤਪੱਸਿਆ ਦਾ ਪਰਵ ਹੈ, ਜਿੱਥੇ ਨਿਰਜਲਾ ਵਰਤ ਰੱਖ ਕੇ ਚੜ੍ਹਦੇ ਅਤੇ ਡੁੱਬਦੇ ਸੂਰਜ ਨੂੰ ਅਰਘ ਦਿੱਤਾ ਜਾਂਦਾ ਹੈ। ਇਹ ਕੁਦਰਤ ਦੇ ਪ੍ਰਤੀ ਸਨਮਾਨ ਦੀ ਸਭ ਤੋਂ ਡੂੰਘੀ ਪਰੰਪਰਾ ਨੂੰ ਜੀਵੰਤ ਕਰਦਾ ਹੈ। ਨਵਰਾਤਰੀ, ਓਨਮ, ਪੋਂਗਲ, ਵੈਸਾਖੀ, ਬਿਹੂ, ਹਰੇਕ ਤਿਉਹਾਰ ਦੀ ਆਪਣੀ ਪਰੰਪਰਾ ਅਤੇ ਆਪਣੀ ਕਹਾਣੀ ਹੈ, ਪਰ ਇੱਕ ਭਾਵਨਾ ਇਨ੍ਹਾਂ ਸਭ ਨੂੰ ਜੋੜਦੀ ਹੈ ਅਤੇ ਉਹ ਹੈ- ਉਤਸਵ ਵਿੱਚ ਭਾਈਵਾਲੀ ਦੀ ਭਾਵਨਾ। ਬੀਤੇ ਕੁਝ ਵਰ੍ਹਿਆਂ ਵਿੱਚ ਇਸੇ ਭਾਈਚਾਰੇ ਦੀ ਭਾਵਨਾ ਦੇ ਨਾਲ ਇੱਕ ਨਵਾਂ ਸੰਕਲਪ ਵੀ ਜੁੜ ਗਿਆ ਹੈ, ਜੋ ਸਾਰੇ ਭਾਈਚਾਰੇ, ਧਰਮ, ਖੇਤਰ ਦੇ ਤਿਉਹਾਰ ਨੂੰ ਇੱਕ ਧਾਗੇ ਵਿੱਚ ਪਿਰੋਂਦਾ ਹੈ। ਇਹ ਸੰਕਲਪ ਹੈ 'ਵੋਕਲ ਫੋਰ ਲੋਕਲ' ਦਾ।

ਛਠ ਮਹਾਪਰਵ ਤਾਂ ਮੰਨੋ ਇਸ ਭਾਵਨਾ ਦੀ ਸਭ ਤੋਂ ਸਰਲ ਅਤੇ ਜੀਵੰਤ ਉਦਾਹਰਣ ਹੈ। ਸੂਪ ਅਤੇ ਦਉਰਾ ਬਾਂਸ ਨਾਲ ਬਣੇ ਹੁੰਦੇ ਹਨ, ਬਿਹਾਰ, ਪੂਰਵਾਂਚਲ ਦੇ ਹਜ਼ਾਰਾਂ ਬਾਂਸ ਸ਼ਿਲਪੀਆਂ ਦੀ ਰੋਜ਼ੀ ਰੋਟੀ ਇਸੇ ਨਾਲ ਚੱਲਦੀ ਹੈ। ਪੂਜਾ ਦੀ ਥਾਲੀ ਅਤੇ ਟੋਕਰੀ ਹੋਵੇ ਜਾਂ ਮਿੱਟੀ ਦੇ ਦੀਵੇ ਅਤੇ ਚੁੱਲ੍ਹੇ, ਪਿੰਡ ਦੇ ਘੁਮਿਆਰਾਂ ਦੇ ਹੱਥਾਂ ਦਾ ਹੁਨਰ ਹਰ ਘਰ ਤੱਕ ਪਹੁੰਚਦਾ ਹੈ। ਪ੍ਰਸਾਦ ਵਿੱਚ ਚੜ੍ਹਨ ਵਾਲਾ ਠੇਕੁਆ ਸਥਾਨਕ ਕਣਕ ਅਤੇ ਗੁੜ ਤੋਂ ਬਣਦਾ ਹੈ, ਤਾਂ ਅਰਘ ਦੀ ਥਾਲੀ ਵਿੱਚ ਸਜਣ ਵਾਲਾ ਗੰਨਾ, ਨਾਰੀਅਲ, ਸੁਥਨੀ, ਕੇਲਾ ਅਤੇ ਸੁਪਾਰੀ ਸਿੱਧੇ ਸਥਾਨਕ ਕਿਸਾਨਾਂ ਦੇ ਖੇਤਾਂ ਤੋਂ ਆਉਂਦੇ ਹਨ। ਹਲਦੀ ਦਾ ਪੌਦਾ, ਦੀਪਕ ਜਗਾਉਣ ਦੀ ਮਿੱਟੀ ਦੀ ਪਰਾਤ, ਇੱਥੋਂ ਤੱਕ ਕਿ ਘਾਟ 'ਤੇ ਵਿਛਾਈ ਜਾਣ ਵਾਲੀ ਆਸਨੀ ਤੱਕ, ਛਠ ਦੀ ਹਰ ਸਮੱਗਰੀ ਦੇਸੀ ਹੈ, ਹਰ ਸਮੱਗਰੀ ਕਾਰੀਗਰ, ਬੁਣਕਰ ਅਤੇ ਕਿਸਾਨ ਦੀ ਮਿਹਨਤ ਦੀ ਕਹਾਣੀ ਕਹਿੰਦੀ ਹੈ। ਇਹੀ ਕਾਰਨ ਹੈ ਕਿ ਛਠ ਬਿਨਾ ਕਿਸੇ ਸੱਦੇ ਦੇ, ਵਰ੍ਹਿਆਂ ਤੋਂ 'ਵੋਕਲ ਫੋਰ ਲੋਕਲ' ਦੀ ਭਾਵਨਾ ਨੂੰ ਆਪਣੇ ਆਪ ਜਿੱਤ ਕੇ ਆਇਆ ਹੈ। ਹੁਣ ਇਹ ਪਰਵ ਇੱਕ ਖੇਤਰ ਵਿਸ਼ੇਸ਼ ਤੋਂ ਨਿਕਲ ਕੇ ਆਲਮੀ ਸਰੂਪ ਲੈ ਚੁੱਕਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੀ ਆਪਣੇ ਪ੍ਰੋਗਰਾਮਾਂ ਵਿੱਚ ਇਸ ਦਾ ਵਿਸ਼ੇਸ਼ ਜ਼ਿਕਰ ਕਰਦੇ ਰਹੇ ਹਨ।

ਕਵਰ ਸਟੋਰੀ

# ਵੋਕਲ ਫੋਰ ਲੋਕਲ

**‘ਵੋਕਲ ਫੋਰ ਲੋਕਲ’ ‘ਮੇਡ ਇਨ ਇੰਡੀਆ’ ਅਤੇ ‘ਆਤਮ ਨਿਰਭਰ ਭਾਰਤ’ ਦੇ ਵਿਜ਼ਨ ਦਾ ਹੀ ਨਤੀਜਾ ਹੈ ਕਿ ਇਸ ਵਾਰ ਨਵਰਾਤਰਿਆਂ ਤੋਂ ਦੀਵਾਲੀ ਤੱਕ ਦੇਸ਼ ਵਿੱਚ 7 ਲੱਖ ਕਰੋੜ ਰੁਪਏ ਤੋਂ ਵੱਧ ਦੇ ਕਾਰੋਬਾਰ ਹੋਣ ਦਾ ਅਨੁਮਾਨ ਕਨਫੈੱਡਰੇਸ਼ਨ ਆਫ ਆਲ ਇੰਡੀਆ ਟ੍ਰੇਡਰਜ਼ (ਕੈਟ) ਨੇ ਲਗਾਇਆ ਹੈ।**

ਭਾਰਤੀਅਤਾ  ਦੀ ਭਾਵਨਾ ਨਾਲ ਭਰੇ ਇਨ੍ਹਾਂ ਤਿਉਹਾਰਾਂ ਵਿੱਚ ਖਰੀਦਿਆ ਜਾਣ ਵਾਲਾ ਸਮਾਨ ਹੋਵੇ ਜਾਂ ਕੋਈ ਤੋਹਫਾ, ਜਦੋਂ ਇਹ ਸਮਾਨ ਭਾਰਤੀ ਦੀ ਮਿੱਟੀ ਨਾਲ, ਭਾਰਤ ਦੇ ਕਿਸੇ ਕਾਰੀਗਰ ਦੇ ਹੱਥਾਂ ਨਾਲ ਬਣਦਾ ਹੈ, ਤਾਂ ਤਿਉਹਾਰ ਸਿਰਫ਼ ਆਸਥਾ ਦਾ ਉਤਸਵ ਨਹੀਂ ਰਹਿ ਜਾਂਦਾ, ਰਾਸ਼ਟਰ ਨਿਰਮਾਣ ਵਿੱਚ ਹਰ ਨਾਗਰਿਕ ਦੀ ਸਿੱਧੀ ਭਾਗੀਦਾਰੀ ਦਾ ਜ਼ਰੀਆ ਵੀ ਬਣ ਜਾਂਦਾ ਹੈ। ਇਹੋ ਉਹ ਭਾਵਨਾ ਹੈ ਜੋ 140 ਕਰੋੜ ਭਾਰਤੀਆਂ ਨੂੰ ਉਨ੍ਹਾਂ ਦੀ ਵਿਭਿੰਨਤਾ ਦੇ ਬਾਵਜੂਦ, ਆਤਮ ਨਿਰਭਰ ਭਾਰਤ ਦੇ ਸਾਂਝੇ ਸੰਕਲਪ ਨਾਲ ਜੋੜਦੀ ਹੈ।

ਇਸ ਵਰ੍ਹੇ ਵੀ ਦੀਵਾਲੀ ਅਤੇ ਛਠ ਮਹਾਪਰਵ ਇੱਕ ਵਿਸ਼ੇਸ਼ ਮੌਕਾ ਲੈ ਕੇ ਆਏ ਹਨ, ਜਿਸ ਵਿੱਚ ਸੰਕਲਪ ਹੈ- ਵੋਕਲ ਫੋਰ ਲੋਕਲ ਦਾ, ਜਿਸ ਵਿੱਚ ਸੰਕਲਪ ਹੈ- ਸਵਦੇਸ਼ੀ ਉਤਪਾਦ ਨੂੰ ਆਲਮੀ ਬਣਾਉਣ ਦਾ, ਜਿਸ ਵਿੱਚ ਸੰਕਲਪ ਹੈ- 2047 ਤੱਕ ਭਾਰਤ ਨੂੰ ਵਿਕਸਿਤ ਬਣਾਉਣ ਦਾ। ਅਜਿਹੇ ਵਿੱਚ ਤਿਉਹਾਰ ਹੁਣ ਸਿਰਫ਼ ਪਰੰਪਰਾ ਨਹੀਂ, ਆਪਣੀ ਆਤਮ ਨਿਰਭਰਤਾ ਦਾ ਉਤਸਵ ਵੀ ਮਨਾਉਂਦਾ ਹੈ। ਹੁਣ ਇੱਕ ਜਨਤਕ ਅੰਦੋਲਨ ਦਾ ਰੂਪ ਲੈ ਚੁੱਕੀ ਇਸ ਮੁਹਿੰਮ ਦੀ ਸ਼ੁਰੂਆਤ 2014 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਰੇਡੀਓ ‘ਤੇ ਪ੍ਰਸਾਰਿਤ ਪਹਿਲੇ ‘ਮਨ ਕੀ ਬਾਤ’ ਪ੍ਰੋਗਰਾਮ ਤੋਂ ਹੋਈ ਸੀ। ਇੱਥੇ ਖਾਦੀ ਦੇ ਲਈ ਕੀਤੇ ਗਏ ਸੱਦੇ ਨੇ ਜਨ ਮਾਨਸ ‘ਤੇ ਅਮਿਟ ਛਾਪ ਛੱਡੀ ਸੀ। ਫਿਰ ਜੂਨ ਅਤੇ ਅਗਸਤ 2020 ਵਿੱਚ, ਜਦੋਂ ਪੂਰੀ ਦੁਨੀਆ ਕੋਵਿਡ ਮਹਾਮਾਰੀ ਦੇ ਸੰਕਟ ਨਾਲ ਜੂਝ ਰਹੀ ਸੀ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇੱਕ ਵਾਰ ਫਿਰ ਅਪੀਲ ਕੀਤੀ, ਸਥਾਨਕ ਉਤਪਾਦਾਂ ਨੂੰ ਅਪਣਾਓ, ਸਥਾਨਕ ਕਾਰੀਗਰਾਂ, ਬੁਣਕਰਾਂ ਅਤੇ ਸ਼ਿਲਪਕਾਰਾਂ ਦੇ ਹੁਨਰ ਨੂੰ ਪਛਾਣੋ। ਇਹ ਅਪੀਲ ਸਿਰਫ਼ ਇੱਕ ਨਾਅਰਾ ਨਹੀਂ ਸੀ, ਇਹ ਆਫ਼ਤ ਨੂੰ ਮੌਕੇ ਵਿੱਚ ਬਦਲਣ ਦਾ ਉਹ ਦ੍ਰਿਸ਼ਟੀਕੋਣ ਸੀ, ਜਿਸ ਨੇ ਆਉਣ ਵਾਲੇ ਵਰ੍ਹਿਆਂ ਵਿੱਚ ਭਾਰਤ ਦੀ ਆਰਥਿਕ ਸੋਚ ਦੀ ਦਿਸ਼ਾ ਹੀ ਬਦਲ ਦਿੱਤੀ। ਪ੍ਰਧਾਨ ਮੰਤਰੀ ਦੇ ਇਸ ਸੱਦੇ ਨਾਲ ਅੱਜ, ‘ਵੋਕਲ ਫੋਰ ਲੋਕਲ’ ਸਿਰਫ਼ ਇੱਕ ਸਰਕਾਰੀ ਯੋਜਨਾ ਨਹੀਂ, ਸਗੋਂ 140 ਕਰੋੜ ਭਾਰਤੀਆਂ ਦੀ ਸਾਂਝੀ ਚੇਤਨਾ ਦਾ ਹਿੱਸਾ ਬਣ ਚੁੱਕਿਆ ਹੈ। ਇਹ ਉਹ ਭਾਵਨਾ ਹੈ , ਜੋ ਹਰ ਪਿੰਡ ਦੀ ਹਰ ਦੁਕਾਨ ‘ਤੇ, ਹਰ ਘਰ ਦੇ ਹਰ ਬੱਚੇ ਦੀ ਸੋਚ ਵਿੱਚ ਅਤੇ ਹਰ ਬਜ਼ਾਰ ਦੇ ਹਰ ਲੈਣ-ਦੇਣ ਵਿੱਚ ਝਲਕਦੀ ਹੈ।



*“ ਬੀਤੇ ਵਰ੍ਹਿਆਂ ਵਿੱਚ ਸਾਡੀ ਕਨਵਿਕਸ਼ਨ ਰਹੀ ਹੈ ਕਿ ਸਾਨੂੰ ਹੁਣ ਦੂਜੇ ਦੇਸ਼ਾਂ ‘ਤੇ ਨਿਰਭਰ ਰਹਿ ਕੇ ਨਹੀਂ ਜਿਉਣਾ ਚਾਹੀਦਾ, ਸਾਨੂੰ ਆਤਮ ਨਿਰਭਰ ਬਣਨਾ ਚਾਹੀਦਾ ਹੈ। ਦੁਨੀਆ ਵਿੱਚ ਬਹੁਤ ਕੁਝ ਮਿਲਦਾ ਹੈ, ਸਸਤਾ ਮਿਲਦਾ ਹੈ, ਜਲਦੀ ਮਿਲ ਸਕਦਾ ਹੈ, ਲੇਕਿਨ ਉਸ ਨਾਲ ਸਾਡੀ ਸਮਰੱਥਾ ਤਿਆਰ ਨਹੀਂ ਹੁੰਦੀ ਹੈ, ਨਾ ਸਾਡੀ ਸਮਰੱਥਾ ਦੀ ਕਸੌਟੀ ਹੁੰਦੀ ਹੈ ਅਤੇ ਇਸ ਲਈ ਸਾਨੂੰ ਵੀ ਸਮਰੱਥਾਵਾਂ ਨੂੰ ਵਧਾਉਣਾ ਹੈ, ਆਪਣੇ ਹਿਤਾਂ ਦੀ ਸੁਰੱਖਿਆ ਸਾਨੂੰ ਖੁਦ ਕਰਨੀ ਹੈ ਅਤੇ ਇਸ ਲਈ ਆਤਮ ਨਿਰਭਰ ਭਾਰਤ ਦਾ ਸੰਕਲਪ ਬਹੁਤ ਦ੍ਰਿੜ੍ਹਤਾ ਦੇ ਨਾਲ ਅਸੀਂ ਲੈ ਕੇ ਅੱਗੇ ਵਧ ਰਹੇ ਹਾਂ। ਮੇਕ ਇਨ ਇੰਡੀਆ, ਸਵਦੇਸ਼ੀ, ਵੋਕਲ ਫੋਰ ਲੋਕਲ, ਇਨ੍ਹਾਂ ਸਾਰੇ ਖੇਤਰਾਂ ਵਿੱਚ ਅੱਜ ਹਰ ਭਾਰਤੀ ਦਾ ਮਨ ਜੁੜ ਰਿਹਾ ਹੈ।*

***– ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

## ਇੱਕ ਮੰਤਰ, ਜੋ ਜਨਤਕ ਅੰਦੋਲਨ ਬਣਿਆ

ਪ੍ਰਧਾਨ ਮੰਤਰੀ ਮੋਦੀ ਵਾਰ-ਵਾਰ ਇਹ ਸਪਸ਼ਟ ਕਰਦੇ ਰਹੇ ਹਨ ਕਿ ‘ਵੋਕਲ ਫੋਰ ਲੋਕਲ’ ਦਾ ਦਾਇਰਾ ਸਿਰਫ਼ ਮਿੱਟੀ ਦੇ ਦੀਵੇ ਜਾਂ ਪੂਜਾ ਸਮੱਗਰੀ ਖਰੀਦਣ ਤੱਕ ਸੀਮਤ ਨਹੀਂ ਹੈ। ਇਸ ਦਾ ਵਿਜ਼ਨ ਕਿਤੇ ਵੱਡਾ ਹੈ। ਇਸ ਦਾ ਸਿੱਧਾ ਜਿਹਾ ਅਰਥ ਹੈ



ਕਵਰ ਸਟੋਰੀ

ਵੋਕਲ ਫੋਰ ਲੋਕਲ

*ਸਿਰਫ਼ ਮਿੱਟੀ ਦੇ ਦੀਵੇ ਖਰੀਦਣਾ ਹੀ 'ਵੋਕਲ ਫੋਰ ਲੋਕਲ' ਨਹੀਂ ਹੈ। ਤੁਹਾਨੂੰ, ਆਪਣੇ ਖੇਤਰ ਵਿੱਚ ਬਣੇ ਸਥਾਨਕ ਉਤਪਾਦਾਂ ਨੂੰ ਵੱਧ ਤੋਂ ਵੱਧ ਹੁਲਾਰਾ ਦੇਣਾ ਚਾਹੀਦਾ ਹੈ। ਅਜਿਹਾ ਕੋਈ ਵੀ ਉਤਪਾਦ, ਜਿਸ ਨੂੰ ਬਣਾਉਣ ਵਿੱਚ ਭਾਰਤ ਦੇ ਕਿਸੇ ਕਾਰੀਗਰ ਦਾ ਪਸੀਨਾ ਲੱਗਿਆ ਹੈ, ਜੋ ਭਾਰਤ ਦੀ ਮਿੱਟੀ ਵਿੱਚ ਬਣਿਆ ਹੈ, ਉਹ ਸਾਡਾ ਮਾਣ ਹੈ। ਸਾਨੂੰ ਇਸੇ ਮਾਣ 'ਤੇ ਹਮੇਸ਼ਾ ਚਾਰ ਚੰਨ ਲਗਾਉਣੇ ਹਨ।*

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਕਿ ਅਸੀਂ ਆਪਣੇ ਘਰ ਦੇ ਲਈ, ਆਪਣੇ ਜੀਵਨ ਦੇ ਲਈ ਜੋ ਵੀ ਸਮਾਨ ਖਰੀਦੀਏ, ਇੱਕ ਵਾਰ ਇਹ ਜ਼ਰੂਰ ਦੇਖੋ ਕਿ ਉਹ ਭਾਰਤ ਵਿੱਚ ਬਣਿਆ ਹੋਵੇ। ਭਾਵੇਂ ਕੰਪਨੀ ਕਿਸੇ ਵੀ ਦੇਸ਼ ਦੀ ਹੋਵੇ, ਨਾਮ ਕਿਸੇ ਵੀ ਭਾਸ਼ਾ ਦਾ ਹੋਵੇ, ਪਰ ਉਤਪਾਦ ਹਿੰਦੁਸਤਾਨ ਦੀ ਧਰਤੀ 'ਤੇ, ਹਿੰਦੁਸਤਾਨ ਦੇ ਕਿਸੇ ਕਾਰੀਗਰ ਦੇ ਪਸੀਨੇ ਨਾਲ ਬਣਿਆ ਹੋਣਾ ਚਾਹੀਦਾ ਹੈ। ਇਹੋ ਸਵਦੇਸ਼ੀ ਦੀ ਸਰਲ ਪਰਿਭਾਸ਼ਾ ਹੈ, ਜਿਸ ਨੂੰ ਪ੍ਰਧਾਨ ਮੰਤਰੀ ਮੋਦੀ ਸਮੇਂ- ਸਮੇਂ 'ਤੇ ਦੇਸ਼ ਦੇ ਸਾਹਮਣੇ ਰੱਖਦੇ ਰਹੇ ਹਨ। ਇਹ ਭਾਵਨਾ ਇਕੱਲੇ ਸਰਕਾਰ ਦੀ ਮੁਹਿੰਮ ਨਹੀਂ ਰਹਿ ਗਈ। ਮੀਡੀਆ ਜਗਤ, ਕ੍ਰਿਏਟਿਵ ਇੰਡਸਟ੍ਰੀ ਦੇ ਸਾਥੀ, ਪ੍ਰਭਾਵਸ਼ਾਲੀ ਸੋਸ਼ਲ ਮੀਡੀਆ ਇੰਫਲੁਐਂਸਰ ਅਤੇ ਸਿਨੇਮਾ ਜਗਤ ਦੀਆਂ ਸ਼ਖਸੀਅਤਾਂ, ਸਾਰਿਆਂ ਨੇ ਇਸ ਅਭਿਆਨ ਨੂੰ ਆਪਣੀ ਆਵਾਜ਼ ਦਿੱਤੀ ਹੈ। ਪ੍ਰਧਾਨ ਮੰਤਰੀ ਨੇ ਵਾਰ-ਵਾਰ ਇੰਫਲੁਐਂਸਰ ਅਤੇ ਸੈਲੀਬ੍ਰਿਟੀਜ਼ ਨੂੰ ਵੀ ਤਾਕੀਦ ਕੀਤੀ ਹੈ ਕਿ ਉਹ ਖੁਦ ਵੀ ਵੋਕਲ ਫੋਰ ਲੋਕਲ ਨੂੰ ਅਪਣਾਉਣ ਅਤੇ ਆਪਣੇ ਲੱਖਾਂ-ਕਰੋੜਾਂ ਫਾਲੋਅਰਸ ਨੂੰ ਵੀ ਇਸ ਦੇ ਲਈ ਪ੍ਰੇਰਿਤ ਕਰਨ।

## ਆਤਮ ਨਿਰਭਰਤਾ ਦੀ ਕਹਾਣੀ ਦੱਸਦੇ ਅੰਕੜੇ

ਕਿਸੇ ਵੀ ਅੰਦੋਲਨ ਦੀ ਸਫਲਤਾ ਦਾ ਸਭ ਤੋਂ ਪੁਖਤਾ ਪ੍ਰਮਾਣ ਅੰਕੜੇ ਹੁੰਦੇ ਹਨ। 'ਵੋਕਲ ਫੋਰ ਲੋਕਲ' ਦੇ ਮਾਮਲੇ ਵਿੱਚ ਇਹ ਅੰਕੜੇ ਬਹੁਤ ਉਤਸ਼ਾਹਜਨਕ ਹਨ। ਪਿਛਲੇ 12 ਵਰ੍ਹਿਆਂ ਵਿੱਚ ਰੱਖਿਆ ਉਤਪਾਦਨ ਲਗਭਗ 4 ਗੁਣਾ ਹੋਇਆ। ਖਾਦੀ ਅਤੇ ਗ੍ਰਾਮ ਉਦਯੋਗ ਦਾ ਉਤਪਾਦਨ 6 ਗੁਣਾ ਹੋਇਆ, ਇਲੈਕਟ੍ਰੌਨਿਕ ਮੈਨੂਫੈਕਚਰਿੰਗ ਕਰੀਬ 7 ਗੁਣਾ ਵਧੀ, ਆਧੁਨਿਕ ਰੇਲਵੇ ਕੋਚ ਦਾ ਨਿਰਮਾਣ 21 ਗੁਣਾ ਵਧਿਆ, ਮੋਬਾਈਲ ਫੋਨ ਉਤਪਾਦਨ 35 ਗੁਣਾ ਵਧਿਆ। ਇੰਨਾ ਹੀ ਨਹੀਂ ਆਧੁਨਿਕ ਯੁੱਗ ਨੂੰ ਦੇਖੀਏ ਤਾਂ ਡਿਜੀਟਲ ਅਤੇ ਇਨੋਵੇਸ਼ਨ ਦੀ ਦੁਨੀਆ ਵਿੱਚ ਵੀ ਭਾਰਤ ਨੇ ਆਪਣਾ ਪਰਚਮ ਲਹਿਰਾਇਆ ਹੈ। ਇੰਟਰਨੈੱਟ ਯੂਜ਼ਰ ਕਰੀਬ-ਕਰੀਬ ਚਾਰ ਗੁਣਾ ਵਧੇ, ਪੇਟੈਂਟ ਗ੍ਰਾਂਟ ਹੋਣ ਦੀ ਸੰਖਿਆ 4 ਗੁਣਾ ਵਧੀ, ਡਿਜੀਟਲ ਟ੍ਰਾਂਜੈਕਸ਼ਨ 100 ਗੁਣਾ ਵਧੀ। ਨਾਲ ਹੀ, ਸਧਾਰਣ ਮਨੁੱਖ ਦੀਆਂ ਸਹੂਲਤਾਂ ਵੱਲ ਵੀ ਕੇਂਦਰ ਸਰਕਾਰ ਨੇ ਓਨੀ ਹੀ ਗੰਭੀਰਤਾ ਨਾਲ ਕੰਮ ਕੀਤਾ ਹੈ। ਹਰ ਵਰ੍ਹੇ ਔਸਤਨ 15 ਗੁਣਾ ਵੱਧ ਤੇਜ਼ੀ ਨਾਲ ਨਲ ਤੋਂ ਜਲ ਕਨੈਕਸ਼ਨ ਦਿੱਤੇ ਗਏ। ਹਰ ਵਰ੍ਹੇ ਔਸਤਨ ਛੇ ਗੁਣਾ ਜ਼ਿਆਦਾ ਰਫ਼ਤਾਰ ਨਾਲ ਲੋਕਾਂ ਨੂੰ ਗੈਸ ਕਨੈਕਸ਼ਨ ਦਿੱਤੇ ਗਏ। ਹਰ ਵਰ੍ਹੇ ਚਾਰ ਗੁਣਾ ਰਫ਼ਤਾਰ ਨਾਲ ਗ਼ਰੀਬਾਂ ਦੇ ਲਈ ਟੌਇਲਟ ਬਣਾਉਣ ਦਾ ਕੰਮ ਹੋਇਆ ਹੈ। ਹਰ ਵਰ੍ਹੇ ਤਿੰਨ ਗੁਣਾ ਵੱਧ ਤੇਜ਼ੀ ਨਾਲ ਗ਼ਰੀਬਾਂ ਨੂੰ ਘਰ ਦੇਣ ਦਾ ਕੰਮ ਹੋਇਆ ਹੈ। ਦੇਸ਼ ਨੇ ਸੁਸ਼ਾਸਨ ਵਿੱਚ ਵੀ ਬਹੁਤ ਤਬਦੀਲੀ ਕੀਤੀ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਗੈਰ-ਜ਼ਰੂਰੀ ਪਾਲਣਾ ਖ਼ਤਮ ਕੀਤੀ ਗਈ। ਸੈਂਕੜਿਆਂ ਦੀ ਗਿਣਤੀ ਵਿੱਚ ਪੁਰਾਣੇ ਕਾਨੂੰਨ ਖ਼ਤਮ ਕੀਤੇ ਗਏ ਕਿਉਂਕਿ ਪਿਛਲੀ ਸ਼ਤਾਬਦੀ ਦੇ ਕਾਨੂੰਨਾਂ ਨਾਲ 21ਵੀਂ ਸਦੀ ਦੀ ਯਾਤਰਾ ਨਹੀਂ ਹੋ ਸਕਦੀ। ਆਧੁਨਿਕ ਬੁਨਿਆਦੀ ਢਾਂਚੇ ਦੇ ਲਈ ਮੈਟਰੋ ਦਾ ਵਿਸਥਾਰ ਹੋਇਆ ਹੈ, ਪਬਲਿਕ ਟ੍ਰਾਂਸਪੋਰਟ ਨੂੰ ਤਾਕਤ ਮਿਲੀ ਹੈ। ਜਿਸ ਸਪੀਡ ਅਤੇ ਸਕੇਲ 'ਤੇ ਕੰਮ ਹੋਇਆ ਹੈ, ਇਹ ਰਫ਼ਤਾਰ, ਵਿਸਥਾਰ ਅਤੇ ਇਹ ਸਫਲਤਾ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਪਿਛਲੇ ਇੱਕ ਦਹਾਕੇ ਵਿੱਚ ਦੇਖੀ ਗਈ ਹੈ। ਜਦੋਂ ਇੰਨੀਆਂ ਸਾਰੀਆਂ ਸਿੱਧੀਆਂ ਸਾਹਮਣੇ ਹੋਣ, ਇੰਨੀ ਤੇਜ਼ ਗਤੀ ਦਿਖਾਈ ਦਿੰਦੀ ਹੈ, ਦੇਸ਼ਵਾਸੀਆਂ ਦੀ ਸਮਰੱਥਾ ਪਲ-ਪਲ ਪ੍ਰਬਲ ਹੁੰਦੀ ਹੋਵੇ ਤਾਂ 2047 ਵਿੱਚ ਵਿਕਸਿਤ ਭਾਰਤ ਬਣਨ ਦਾ ਸੰਕਲਪ ਕਦੇ ਵੀ ਅਧੂਰਾ ਨਹੀਂ ਰਹਿ ਸਕਦਾ ਹੈ। ਇਹ ਸਾਰੇ ਅੰਕੜੇ ਇਸ ਗੱਲ ਦੇ ਗਵਾਹ ਬਣੇ ਹਨ, ਭਾਰਤ ਹੁਣ

ਕਵਰ ਸਟੋਰੀ

ਵੋਕਲ ਫੋਰ ਲੋਕਲ

# ਸੱਦੇ ਤੋਂ ਅੰਦੋਲਨ ਤੱਕ

## 12 ਵਰ੍ਹਿਆਂ ਵਿੱਚ 'ਵੋਕਲ ਫੋਰ ਲੋਕਲ' ਤੋਂ ਨਿਕਲੀ ਸਪਤਧਾਰਾ

*12 ਵਰ੍ਹਿਆਂ ਵਿੱਚ ਸਵਦੇਸ਼ੀ, ਵੋਕਲ ਫੋਰ ਲੋਕਲ ਦਾ ਸੱਦਾ ਰਾਸ਼ਟਰ ਦੀ ਵਿਕਾਸ ਦੀ ਧਾਰਾ ਬਣ ਗਈ ਹੈ। ਆਜ਼ਾਦੀ ਦੇ ਅੰਦੋਲਨ ਦੇ ਸਮੇਂ ਚਰਖਾ ਅਤੇ ਖਾਦੀ ਪ੍ਰਤੀਕ ਬਣਿਆ ਤਾਂ ਆਜ਼ਾਦ ਭਾਰਤ ਵਿੱਚ ਜੈ ਜਵਾਨ-ਜੈ ਕਿਸਾਨ ਦਾ ਨਾਅਰਾ ਭਾਰਤ ਵਿੱਚ ਅਨਾਜ ਦੀ ਸਮੱਸਿਆ ਤੋਂ ਉਭਰਨ ਦਾ ਮਾਧਿਅਮ ਬਣਿਆ। ਹੁਣ 2014 ਤੋਂ ਵੋਕਲ ਫੋਰ ਲੋਕਲ ਨੇ ਬਹੁਆਯਾਮੀ ਪ੍ਰਭਾਵ ਪਾਇਆ ਹੈ ਅਤੇ ਇੱਕ ਅਪੀਲ ਤੋਂ ਵਿਕਾਸ ਦੇ ਕਈ ਰਾਹ ਖੁਲ੍ਹੇ ਹਨ।*




ਰੁਕਣ ਵਾਲਾ ਨਹੀਂ, ਅੱਗੇ ਵਧਣ ਵਾਲਾ ਹੈ।

### ਸੈਮੀਕੰਡਕਟਰ ਤੋਂ ਲੈ ਕੇ ਪ੍ਰਮਾਣੂ ਊਰਜਾ ਤੱਕ: ਨਵੀਂ ਆਤਮ ਨਿਰਭਰਤਾ ਦੀ ਗਾਥਾ

ਇਸੇ ਆਤਮ ਨਿਰਭਰਤਾ ਦੀ ਦਿਸ਼ਾ ਵਿੱਚ ਅੱਗੇ ਵਧਣ ਦੀ ਤਾਜ਼ਾ ਉਦਾਹਰਣ ਹੈ ਜਦੋਂ ਦੇਸ਼ ਆਜ਼ਾਦ ਹੋਇਆ, ਤਾਂ ਦੁਨੀਆ ਵਿੱਚ ਸੈਮੀਕੰਡਕਟਰ ਨੂੰ ਲੈ ਕੇ ਗੱਲ ਹੋਣ ਲੱਗੀ ਸੀ। ਭਾਰਤ ਵਿੱਚ ਵੀ ਗੱਲਾਂ ਹੋਈਆਂ, ਪਰ ਸੈਮੀਕੰਡਕਟਰ ਦੀ ਕੋਈ ਵੱਡੀ ਯੋਜਨਾ ਅੱਗੇ ਨਹੀਂ ਵਧੀ। ਅੱਜ ਦੀ ਡਿਜੀਟਲ ਅਤੇ ਤਕਨੀਕ ਦੀ ਦੁਨੀਆ ਵਿੱਚ ਚਿੱਪ ਦਾ ਮਹੱਤਵ

*ਅੱਜ ਜਦੋਂ ਅਸੀਂ ਸਾਰੇ ਮਿਲ ਕੇ ਵਿਕਸਿਤ ਭਾਰਤ ਬਣਾਉਣ ਲਈ ਇੰਨੀ ਮਿਹਨਤ ਕਰ ਰਹੇ ਹਾਂ, ਤਾਂ ਦੇਸ਼ ਦੀ ਸਾਡੇ ਤੋਂ ਵੀ ਇੱਕ ਉਮੀਦ ਹੈ। ਇਹ ਉਮੀਦ ਹੈ- ਆਤਮ ਨਿਰਭਰਤਾ ਦੀ। ਭਾਰਤ ਵਿਕਸਿਤ ਤਾਂ ਹੀ ਹੋਵੇਗਾ, ਜਦੋਂ ਆਤਮ ਨਿਰਭਰ ਹੋਵੇਗਾ। ਅਤੇ ਭਾਰਤ ਦੀ ਆਤਮ ਨਿਰਭਰਤਾ ਲਈ ਜ਼ਰੂਰੀ ਹੈ- ਸਵਦੇਸ਼ੀ ਦਾ ਮੰਤਰ।*

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਕਵਰ ਸਟੋਰੀ

ਵੋਕਲ ਫੋਰ ਲੋਕਲ

# ਸਵਦੇਸ਼ੀ ਦੀ ਯਾਤਰਾ: ਵਿਕਸਿਤ ਭਾਰਤ ਦਾ ਪੜਾਅ

| ਵਰ੍ਹੇ | ਪੜਾਅ |
|---|---|
| 7 ਅਗਸਤ 1905 | ਬੰਗਾਲ ਵੰਡ ਦੇ ਵਿਰੋਧ ਵਿੱਚ ਸਵਦੇਸ਼ੀ ਅੰਦੋਲਨ ਦੀ ਸ਼ੁਰੂਆਤ |
| 2014 | ਮੇਕ ਇਨ ਇੰਡੀਆ ਦੀ ਸ਼ੁਰੂਆਤ |
| ਅਕਤੂਬਰ 2014 | ਮਨ ਕੀ ਬਾਤ ਪ੍ਰੋਗਰਾਮ ਵਿੱਚ ਖਾਦੀ ਦਾ ਘੱਟ ਤੋਂ ਘੱਟ ਇੱਕ ਉਤਪਾਦ ਖਰੀਦਣ ਦਾ ਸੱਦਾ |
| 7 ਅਗਸਤ 2015 | ਪਹਿਲਾ ਰਾਸ਼ਟਰੀ ਹੈਂਡਲੂਮ ਦਿਵਸ |
| ਜੂਨ-ਅਗਸਤ 2020 | 'ਮਨ ਕੀ ਬਾਤ' ਵਿੱਚ ਵੋਕਲ ਫੋਰ ਲੋਕਲ ਦਾ ਪਹਿਲਾ ਸੱਦਾ, ਆਤਮ ਨਿਰਭਰ ਭਾਰਤ ਅਭਿਆਨ |
| 24 ਜੂਨ 2021 | ਟੌਇਕਾਥੌਨ-2021 – 'ਵੋਕਲ ਫੋਰ ਲੋਕਲ ਟੌਇਜ਼' ਦਾ ਸੱਦਾ |
| 27 ਫਰਵਰੀ- 2 ਮਾਰਚ 2021 | ਪਹਿਲਾ 'ਖਿਡੌਣਾ ਮੇਲਾ' |
| ਦਸੰਬਰ 2021 | ਸੈਮੀਕੌਨ ਇੰਡੀਆ ਪ੍ਰੋਗਰਾਮ ਨੂੰ 76,000 ਕਰੋੜ ਰੁਪਏ ਦੇ ਖਰਚ ਦੀ ਮਨਜ਼ੂਰੀ |
| ਅਗਸਤ 2023 | ਖਾਦੀ ਟਰਨਓਵਰ 1.3 ਲੱਖ ਕਰੋੜ ਰੁਪਏ ਦੇ ਪਾਰ (ਰਾਸ਼ਟਰੀ ਹੈਂਡਲੂਮ ਦਿਵਸ ਭਾਸ਼ਣ) |
| ਜਨਵਰੀ 2024 | ਅਯੋਧਿਆ ਵਿੱਚ ਰਾਮਲਲਾ ਪ੍ਰਾਣ-ਪ੍ਰਤਿਸ਼ਠਾ, ਸਵਦੇਸ਼ੀ ਸਮੱਗਰੀ ਅਤੇ ਕਲਾ ਦੀ ਵਰਤੋਂ |
| 6-7 ਮਈ 2025 | ਆਪ੍ਰੇਸ਼ਨ ਸਿੰਦੂਰ- ਸਵਦੇਸ਼ੀ ਹਥਿਆਰਾਂ ਦਾ ਪ੍ਰਦਰਸ਼ਨ |
| ਅਕਤੂਬਰ 2025 | NCERT ਦਾ 'ਸਵਦੇਸ਼ੀ: ਵੋਕਲ ਫੋਰ  ਲੋਕਲ' ਪਾਠਕ੍ਰਮ ਮੌਡਿਊਲ |
| 28 ਫਰਵਰੀ 2026 | ਦੇਸ਼ ਦੇ ਪਹਿਲੇ ਸੈਮੀਕੰਡਕਟਰ ਪਲਾਂਟ ਦਾ ਉਦਘਾਟਨ |
| 31 ਮਾਰਚ 2026 | ਦੂਜੇ ਸੈਮੀਕੰਡਕਟਰ ਪਲਾਂਟ ਦਾ ਉਦਘਾਟਨ |
| ਜੁਲਾਈ 2026 | ਸੈਮੀਕੌਨ 2.0 (1,27,500 ਕਰੋੜ ਰੁਪਏ) ਦੀ ਮਨਜ਼ੂਰੀ |
| ਸਤੰਬਰ 2026 | 12 ਵਿੱਚੋਂ 5 ਸੈਮੀਕੰਡਕਟਰ ਪ੍ਰੋਜੈਕਟਾਂ ਵਿੱਚ ਕਮਰਸ਼ੀਅਲ ਉਤਪਾਦਨ ਸ਼ੁਰੂ |

ਕਿੰਨਾ ਹੈ, ਇਸ ਨੂੰ ਇਵੇਂ ਸਮਝਿਆ ਜਾ ਸਕਦਾ ਹੈ ਕਿ ਕੋਈ ਵੀ ਇਲੈਕਟ੍ਰਿਕ ਉਪਕਰਣ, ਮੈਡੀਕਲ ਇਕਵਿਪਮੈਂਟ ਆਦਿ ਵਿੱਚ ਚਿੱਪ ਲਾਜ਼ਮੀ ਹੈ। ਇਸ ਚਿੱਪ ਤੋਂ ਬਿਨਾ ਦੁਨੀਆ ਰੁਕ ਜਾਵੇ। ਅਜਿਹੇ ਵਿੱਚ ਭਾਰਤ ਨੇ ਆਤਮ ਨਿਰਭਰ ਹੋਣ ਦੀ ਦਿਸ਼ਾ ਵਿੱਚ ਆਪਣਾ ਸੈਮੀਕੰਡਕਟਰ ਪਲਾਂਟ ਸ਼ੁਰੂ ਕੀਤਾ ਹੈ। ਪੰਜ ਸੈਮੀਕੰਡਕਟਰ ਪਲਾਂਟ ਸ਼ੁਰੂ ਹੋ ਚੁੱਕੇ ਹਨ ਅਤੇ ਇੱਥੋਂ ਹੁਣ ਭਾਰਤ ਨਿਰਯਾਤ ਵੀ ਕਰਨ ਲੱਗਿਆ ਹੈ। ਆਉਣ ਵਾਲੇ ਸੱਤ-ਅੱਠ ਵਰ੍ਹਿਆਂ ਵਿੱਚ ਹੋਰ 5 ਤੋਂ 8 ਸੈਮੀਕੰਡਕਟਰ ਪਲਾਂਟ ਸ਼ੁਰੂ ਹੋਣ ਵਾਲੇ ਹਨ। ਇਹ ਆਤਮ ਨਿਰਭਰਤਾ ਨਾਲ ਵਿਕਸਿਤ ਭਾਰਤ ਦੀ ਦਿਸ਼ਾ ਵਿੱਚ ਜਾਣ ਦਾ ਰਾਹ ਹੈ। ਦਹਾਕਿਆਂ ਤੱਕ ਭਾਰਤ ਇਸ ਖੇਤਰ ਵਿੱਚ ਪਿੱਛੇ ਰਿਹਾ ਪਰ ਆਤਮ ਨਿਰਭਰ ਭਾਰਤ ਦੇ ਸੰਕਲਪ ਦੇ ਨਾਲ ਹੁਣ ਤਸਵੀਰ ਤੇਜ਼ੀ ਨਾਲ ਬਦਲ ਰਹੀ ਹੈ। ਇੰਡੀਆ ਸੈਮੀਕੰਡਕਟਰ ਮਿਸ਼ਨ ਦੇ ਤਹਿਤ ਹੁਣ ਤੱਕ 12 ਪ੍ਰੋਜੈਕਟਾਂ ਨੂੰ ਮਨਜ਼ੂਰੀ ਮਿਲ ਚੁੱਕੀ ਹੈ, ਜਿਨ੍ਹਾਂ ਦਾ ਨਿਵੇਸ਼ 1.64 ਲੱਖ ਕਰੋੜ ਰੁਪਏ ਤੋਂ ਵੱਧ ਹੈ। ਪ੍ਰਧਾਨ ਮੰਤਰੀ ਮੋਦੀ ਨੇ 28 ਫਰਵਰੀ 2026 ਨੂੰ ਦੇਸ਼ ਦੇ ਪਹਿਲੇ ਅਤੇ 31 ਮਾਰਚ 2026 ਨੂੰ ਦੂਜੇ ਸੈਮੀਕੰਡਕਟਰ ਪਲਾਂਟ ਦਾ ਉਦਘਾਟਨ ਕੀਤਾ। ਸਤੰਬਰ 2026 ਤੱਕ ਇਨ੍ਹਾਂ ਵਿੱਚੋਂ ਪੰਜ ਪ੍ਰੋਜੈਕਟ (ਮਾਈਕ੍ਰੋਨ, ਕੇਨੀਜ ਸੈਮੀਕੌਨ, ਸੀਜੀ ਸੈਮੀ, ਸੀਡੀਆਈਐੱਲ ਸੈਮੀਕੰਡਕਟਰ ਮੋਹਾਲੀ ਅਤੇ ਸੁਚਿ ਸੈਮੀਕੌਨ ਸੂਰਤ) ਵਣਜ ਉਤਪਾਦਨ ਸ਼ੁਰੂ ਕਰ ਚੁੱਕੇ ਹਨ। ਸਰਕਾਰ ਨੇ ਜੁਲਾਈ 2026 ਵਿੱਚ ਸੈਮੀਕੌਨ 2.0 ਪ੍ਰੋਗਰਾਮ

ਕਵਰ ਸਟੋਰੀ

ਵੋਕਲ ਫੋਰ ਲੋਕਲ

# ਖਾਦੀ

## ਅੰਕੜਿਆਂ ਤੋਂ ਸਮਝੋ ਆਤਮ ਨਿਰਭਰ ਹੁੰਦੇ ਭਾਰਤ ਦੀ ਕਹਾਣੀ

ਵਿਕਰੀ ਵਿੱਚ
**501%**
ਦਾ ਵਾਧਾ





ਉਤਪਾਦਨ ਵਿੱਚ
**380%**
ਦਾ ਵਾਧਾ



ਰੁਜ਼ਗਾਰ ਸਿਰਜਣਾ ਵਿੱਚ
**56%**
ਦਾ ਵਾਧਾ

**2.04**
ਕਰੋੜ ਲੋਕਾਂ ਨੂੰ ਰੁਜ਼ਗਾਰ ਮਿਲਿਆ।









(ਵਿੱਤੀ ਵਰ੍ਹੇ 2025-26 ਵਿੱਚ ਵਿੱਤੀ ਵਰ੍ਹੇ 2013-14 ਦੀ ਤੁਲਨਾ ਵਿੱਚ)

ਨੂੰ ਵੀ ਮਨਜ਼ੂਰੀ ਦਿੱਤੀ ਹੈ। ਇਸ ਪ੍ਰੋਗਰਾਮ ਵਿੱਚ 1,27,500 ਕਰੋੜ ਰੁਪਏ ਦੇ ਖਰਚ ਦਾ ਪ੍ਰਾਵਧਾਨ ਕੀਤਾ ਗਿਆ ਹੈ। ਇਸ ਦਾ ਫੋਕਸ ਚਿੱਪ ਡਿਜ਼ਾਈਨ, ਉਪਕਰਣ-ਸਮੱਗਰੀ ਨਿਰਮਾਣ ਅਤੇ ਉੱਨਤ ਪੈਕੇਜਿੰਗ ਸਮਰੱਥਾ ਵਧਾਉਣ 'ਤੇ ਹੈ। ਟਾਟਾ ਇਲੈਕਟ੍ਰੋਨਿਕਸ-ਪੀਐੱਸਐੱਮਸੀ ਦਾ ਧੋਲੇਰਾ ਫੈਬ ਵੀ ਦਸੰਬਰ 2026 ਤੱਕ ਪਹਿਲਾ ਸਿਲੀਕੌਨ ਉਤਪਾਦਨ ਸ਼ੁਰੂ ਕਰਨ ਦੇ ਟੀਚੇ ਨਾਲ ਅੱਗੇ ਵਧ ਰਿਹਾ ਹੈ। ਜਿਵੇਂ ਸੈਮੀਕੰਡਕਟਰ ਦੀ ਗੱਲ ਹੁੰਦੀ ਹੈ, ਉਸੇ ਤਰ੍ਹਾਂ ਕ੍ਰਿਟੀਕਲ ਮਿਨਰਲ ਦਾ ਵੀ ਮਹੱਤਵ ਹੈ। ਜਿਸ ਤਕਨਾਲੋਜੀ ਦੀ ਦਿਸ਼ਾ ਵਿੱਚ ਦੁਨੀਆ ਜਾ ਰਹੀ ਹੈ ਉਸ ਵਿੱਚ ਊਰਜਾ ਦਾ ਮਹੱਤਵ ਹੋਰ ਵਧਦਾ ਚਲਿਆ ਜਾ ਰਿਹਾ ਹੈ। ਹੁਣ ਊਰਜਾ ਤੋਂ ਬਿਨਾ ਨਵੀਂ ਦੁਨੀਆ ਨੂੰ ਚਲਾਉਣਾ ਮੁਸ਼ਕਲ ਹੈ। ਚਿੱਪ ਹੋਵੇ, ਏਆਈ ਹੋਵੇ ਜਾਂ ਡੇਟਾ ਸੈਂਟਰ, ਬਹੁਤ ਵੱਡੀ ਮਾਤਰਾ ਵਿੱਚ ਬਿਜਲੀ ਦੀ ਜ਼ਰੂਰਤ ਹੋਵੇਗੀ। ਇਸ ਲਈ ਊਰਜਾ ਸੁਰੱਖਿਆ ਸਮੇਂ ਦੀ ਮੰਗ ਹੈ। ਦੇਸ਼ ਨੇ ਪਹਿਲਾਂ ਤੋਂ ਹੀ ਉਸ ਦਿਸ਼ਾ

*“ਬੀਤੇ ਵਰ੍ਹਿਆਂ ਤੋਂ ਸਾਡੇ ਤਿਉਹਾਰਾਂ ਨਾਲ ਦੇਸ਼ ਦਾ ਇੱਕ ਨਵਾਂ ਸੰਕਲਪ ਵੀ ਜੁੜ ਗਿਆ ਹੈ। ਇਹ ਸੰਕਲਪ ਹੈ – 'ਵੋਕਲ ਫੋਰ ਲੋਕਲ' ਦਾ। ਹੁਣ ਸਾਡੇ ਤਿਉਹਾਰਾਂ ਦੀ ਖੁਸ਼ੀ ਵਿੱਚ ਆਪਣੇ ਸਥਾਨਕ ਕਾਰੀਗਰ, ਸ਼ਿਲਪਕਾਰ ਅਤੇ ਵਪਾਰੀਆਂ ਨੂੰ ਵੀ ਸ਼ਾਮਲ ਕਰਦੇ ਹਨ। ਅਸੀਂ ਇਸ ਅਭਿਆਨ ਨੂੰ ਹੋਰ ਤੇਜ਼ ਕਰਨ ਦਾ ਸੰਕਲਪ ਲੈਣਾ ਹੈ।*

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਇਲੈਕਟ੍ਰੌਨਿਕਸ

**13.11**

**ਲੱਖ ਕਰੋੜ ਰੁਪਏ ਦਾ ਉਤਪਾਦਨ 2025-26 ਵਿੱਚ, ਵਰ੍ਹੇ 2014-15 ਵਿੱਚ 1.9 ਲੱਖ ਕਰੋੜ ਰੁਪਏ, ਇਲੈਕਟ੍ਰੌਨਿਕਸ ਉਤਪਾਦਨ ਵਿੱਚ 7 ਗੁਣਾ ਵਾਧਾ।**



**4.24**

**ਲੱਖ ਕਰੋੜ ਰੁਪਏ ਦਾ ਨਿਰਯਾਤ 2025-26 ਵਿੱਚ, ਵਰ੍ਹੇ 2014-15 ਵਿੱਚ 38 ਹਜ਼ਾਰ ਕਰੋੜ ਰੁਪਏ, ਇਲੈਕਟ੍ਰੌਨਿਕਸ ਨਿਰਯਾਤ ਵਿੱਚ 11 ਗੁਣਾ ਵਾਧਾ।**

## ਸੈਮੀਕੰਡਕਟਰ

**1,27,500**

**ਕਰੋੜ ਰੁਪਏ ਦੇ ਖਰਚ ਨਾਲ 15 ਜੁਲਾਈ 2026 ਨੂੰ ਸੈਮੀਕੌਨ 2.0 ਨੂੰ ਮਨਜ਼ੂਰੀ।**



**1.64** **ਲੱਖ ਕਰੋੜ ਰੁਪਏ**

**ਤੋਂ ਵੱਧ ਨਿਵੇਸ਼, 6 ਰਾਜਾਂ ਵਿੱਚ 12 ਸੈਮੀਕੰਡਕਟਰ ਪ੍ਰੋਜੈਕਟਾਂ ਨੂੰ ਮਨਜ਼ੂਰੀ।**



ਵਿੱਚ ਮਜ਼ਬੂਤ ਕਦਮ ਚੁੱਕੇ ਹਨ। ਨੈਸ਼ਨਲ ਕ੍ਰਿਟੀਕਲ ਮਿਨਰਲਜ਼ ਮਿਸ਼ਨ ਅਤੇ ਬਜਟ ਵਿੱਚ ਐਲਾਨੇ ਕ੍ਰਿਟੀਕਲ ਮਿਨਰਲਜ਼ ਕੌਰੀਡੋਰ ਰਾਹੀਂ ਵੀ ਭਾਰਤ ਨੇ ਇਸ ਦਿਸ਼ਾ ਵਿੱਚ ਠੋਸ ਕਦਮ ਚੁੱਕੇ ਹਨ। ਹੁਣ ਦੁਨੀਆ ਦੇ ਕਈ ਦੇਸ਼ ਇਸ ਖੇਤਰ ਵਿੱਚ ਭਾਰਤ 'ਤੇ ਭਰੋਸਾ ਜਤਾਉਣ ਲਗੇ ਹਨ। ਤਕਨੀਕ ਅਤੇ ਆਤਮ ਨਿਰਭਰਤਾ ਦੀ ਇਸ ਯਾਤਰਾ ਵਿੱਚ ਊਰਜਾ ਸੁਰੱਖਿਆ ਇੱਕ ਹੋਰ ਮਹੱਤਵਪੂਰਨ ਥੰਮ੍ਹ ਬਣ ਕੇ ਉਭਰੀ ਹੈ। ਚਿੱਪ ਹੋਵੇ, ਆਰਟੀਫਿਸ਼ੀਅਲ ਇੰਟੈਲੀਜੈਂਸੀ ਹੋਵੇ ਜਾਂ ਡੇਟਾ ਸੈਂਟਰ, ਇਨ੍ਹਾਂ ਸਾਰਿਆਂ ਦੇ ਲਈ ਵੱਡੀ ਮਾਤਰਾ ਵਿੱਚ ਬਿਜਲੀ ਦੀ ਜ਼ਰੂਰਤ ਹੋਵੇਗੀ। ਇਸੇ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਨੇ ਪ੍ਰਮਾਣੂ ਊਰਜਾ ਖੇਤਰ ਵਿੱਚ ਇੱਕ ਵੱਡਾ ਟੀਚਾ ਤੈਅ ਕੀਤਾ ਹੈ ਕਿ 2047 ਤੱਕ 100 ਗੀਗਾਵਾਟ ਪ੍ਰਮਾਣੂ ਊਰਜਾ ਸਮਰੱਥਾ ਹਾਸਲ ਕੀਤੀ ਜਾਵੇਗੀ। ਇਸ ਲਈ ਸੰਸਦ ਵਿੱਚ ਸ਼ਾਂਤੀ ਐਕਟ ਪਾਸ ਕਰਕੇ, ਇੱਕ ਨਵੇਂ ਟੀਚੇ 'ਤੇ ਜਾਣ ਦਾ ਰਸਤਾ ਤੈਅ ਹੋ ਚੁੱਕਿਆ ਹੈ। ਇਸੇ ਇੱਕ ਦਹਾਕੇ ਵਿੱਚ ਪੰਜ ਨਵੇਂ ਨਿਊਕਲੀਅਰ ਰਿਐਕਟਰ ਸ਼ੁਰੂ ਕਰਨ ਦਾ ਟੀਚਾ ਨਿਰਧਾਰਿਤ ਕੀਤਾ ਹੈ। ਇਸ ਵਰ੍ਹੇ ਭਾਰਤ ਨੇ ਫਾਸਟ ਬ੍ਰੀਡਰ ਨਿਊਕਲੀਅਰ ਤਕਨਾਲੋਜੀ ਵਿੱਚ ਮੁਹਾਰਤ ਹਾਸਲ ਕਰਕੇ ਇੱਕ ਮਹੱਤਵਪੂਰਨ ਪੜਾਅ ਪਾਰ ਕੀਤਾ ਹੈ। ਇਸ ਸਫਲਤਾ ਦੇ ਕਾਰਨ ਪ੍ਰਮਾਣੂ ਈਂਧਣ ਵਿੱਚ ਆਤਮ ਨਿਰਭਰ ਬਣਨ ਦੀ ਦਿਸ਼ਾ ਵਿੱਚ ਦੇਸ਼ ਨੇ ਇੱਕ ਸਫਲਤਾ ਹਾਸਲ ਕੀਤੀ ਹੈ।

### ਸਵਦੇਸ਼ੀ ਦੀ ਤਾਕਤ, ਜਦੋਂ ਸੁਰੱਖਿਆ ਦਾ ਢਾਂਚਾ ਵੀ ਬਣਿਆ ਆਤਮ ਨਿਰਭਰ

ਆਤਮ ਨਿਰਭਰਤਾ ਸਿਰਫ ਆਰਥਿਕ ਸਮ੍ਰਿੱਧੀ ਦਾ ਹੀ ਅਧਾਰ ਨਹੀਂ ਹੈ, ਇਹ ਰਾਸ਼ਟਰੀ ਸੁਰੱਖਿਆ ਦੀ ਵੀ ਰੀੜ੍ਹ ਦੀ ਹੱਡੀ ਬਣ ਚੁੱਕੀ ਹੈ। ਇਸ ਦਾ ਸਭ ਤੋਂ ਸਸ਼ਕਤ ਪ੍ਰਮਾਣ ਇਸ ਵਰ੍ਹੇ ਦੇਸ਼ ਅਤੇ ਦੁਨੀਆ ਨੇ ਦੇਖਿਆ। ਪਹਿਲਗਾਮ ਵਿੱਚ

# ਮੋਬਾਈਲ

**6.27** ਲੱਖ ਕਰੋੜ ਰੁਪਏ


ਦਾ ਮੋਬਾਈਲ ਉਤਪਾਦਨ ਵਿੱਤੀ ਵਰ੍ਹੇ 2025-26, ਵਰ੍ਹੇ 2014-15 ਵਿੱਚ 18,000 ਕਰੋੜ ਰੁਪਏ, 33 ਗੁਣਾ ਦਾ ਵਾਧਾ।




**2.60** ਲੱਖ ਕਰੋੜ ਰੁਪਏ

ਦਾ ਨਿਰਯਾਤ, ਵਿੱਤੀ ਵਰ੍ਹੇ 2025-26, ਵਿੱਤੀ ਵਰ੍ਹੇ 2014-15 ਵਿੱਚ 1,566 ਕਰੋੜ ਰੁਪਏ, 165 ਗੁਣਾ ਦਾ ਵਾਧਾ।

ਮੋਬਾਈਲ ਨਿਰਮਾਣ ਇਕਾਈ ਦੀ ਗਿਣਤੀ




**12** ਲੱਖ ਨੌਕਰੀਆਂ ਵਿੱਚੋਂ, ਮਹਿਲਾਵਾਂ ਦੀ ਹਿੱਸੇਦਾਰੀ ਲਗਭਗ 70% ਮੋਬਾਈਲ ਮੈਨੂਫੈਕਚਰਿੰਗ ਖੇਤਰ ਵਿੱਚ।



**99.2%**

ਮੋਬਾਈਲ ਫੋਨ, ਜੋ ਭਾਰਤ ਵਿੱਚ ਇਸਤੇਮਾਲ ਹੁੰਦੇ ਹਨ, ਹੁਣ ਦੇਸ਼ ਵਿੱਚ ਹੀ ਬਣਾਏ ਜਾਂਦੇ ਹਨ।

ਮਾਤਰਾ ਦੇ ਹਿਸਾਬ ਨਾਲ ਭਾਰਤ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਮੋਬਾਈਲ ਫੋਨ ਨਿਰਮਾਤਾ ਦੇਸ਼ ਹੈ।

ਨਿਰਦੋਸ਼ ਨਾਗਰਿਕਾਂ ਦੀ ਹੱਤਿਆ ਤੋਂ ਬਾਅਦ ਭਾਰਤ ਨੇ ਅੱਤਵਾਦ ਦੇ ਖ਼ਿਲਾਫ ਫੈਸਲਾਕੁੰਨ ਕਾਰਵਾਈ ਦਾ ਬੀੜਾ ਚੁੱਕਿਆ ਅਤੇ 6-7 ਮਈ 2025 ਦੀ ਰਾਤ ਆਪ੍ਰੇਸ਼ਨ ਸਿੰਦੂਰ ਰਾਹੀਂ ਪਾਕਿਸਤਾਨ ਅੰਦਰ ਅੱਤਵਾਦੀ ਠਿਕਾਣਿਆਂ 'ਤੇ ਸਟੀਕ ਹਮਲਾ ਕੀਤਾ। ਇਸ ਪੂਰੇ ਅਭਿਆਨ ਵਿੱਚ ਭਾਰਤ ਦੇ ਸਵਦੇਸ਼ੀ ਹਥਿਆਰਾਂ ਦੀ ਤਾਕਤ ਪੂਰੀ ਦੁਨੀਆ ਨੇ ਦੇਖੀ। ਭਾਰਤ ਦੇ ਏਅਰ ਡਿਫੈਂਸ ਸਿਸਟਮ, ਸਵਦੇਸ਼ੀ ਮਿਜ਼ਾਈਲਾਂ ਅਤੇ ਸਵਦੇਸ਼ੀ ਡ੍ਰੋਨ ਨੇ ਇਹ ਸਾਬਤ ਕਰ ਦਿੱਤਾ ਕਿ ਆਤਮ ਨਿਰਭਰ ਭਾਰਤ ਦਾ ਸੰਕਲਪ ਸਿਰਫ ਆਰਥਿਕ ਨਾਅਰਾ ਨਹੀਂ, ਸਗੋਂ ਰਾਸ਼ਟਰ ਦੀ ਸੁਰੱਖਿਆ ਦੀ ਗਰੰਟੀ ਹੈ। ਬ੍ਰਹਿਮੋਸ ਜਿਹੀਆਂ ਸਵਦੇਸ਼ੀ ਮਿਜ਼ਾਈਲਾਂ ਨੇ ਦੇਸ਼ ਦੇ ਹਰ ਦੁਸ਼ਮਣ ਦੇ ਮਨ ਵਿੱਚ ਇੱਕ ਸਥਾਈ ਡਰ ਪੈਦਾ ਕਰ ਦਿੱਤਾ ਹੈ।

*ਦੁਨੀਆ ਵਿੱਚ ਬਹੁਤ ਕੁਝ ਸਸਤਾ ਅਤੇ ਜਲਦੀ ਮਿਲ ਸਕਦਾ ਹੈ, ਪਰ ਉਸ ਨਾਲ ਸਾਡੀ ਸਮਰੱਥਾ ਤਿਆਰ ਨਹੀਂ ਹੁੰਦੀ ਹੈ, ਨਾ ਸਾਡੀ ਸਮਰੱਥਾ ਦੀ ਕਸੌਟੀ ਹੁੰਦੀ ਹੈ। ਇਸ ਲਈ ਅਸੀਂ ਵੀ ਆਪਣੀਆਂ ਸਮਰੱਥਾਵਾਂ ਨੂੰ ਵਧਾਉਣਾ ਹੈ। ਆਪਣੇ ਹਿਤਾਂ ਦੀ ਸੁਰੱਖਿਆ ਕਰਨੀ ਹੈ। ਆਤਮਨਿਰਭਰ ਭਾਰਤ ਦਾ ਸੰਕਲਪ ਬਹੁਤ ਦ੍ਰਿੜ੍ਹਤਾ ਨਾਲ ਅਸੀਂ ਲੈ ਕੇ ਅੱਗੇ ਵਧ ਰਹੇ ਹਾਂ।*

***– ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

# ਰੱਖਿਆ

## ਉਤਪਾਦਨ

**1.78**

**ਕਰੋੜ ਰੁਪਏ**

ਵਿੱਤੀ ਵਰ੍ਹੇ 2025-26, ਵਿੱਤੀ ਵਰ੍ਹੇ 2014-15 ਵਿੱਚ 46,429 ਕਰੋੜ ਰੁਪਏ, ਕਰੀਬ 4 ਗੁਣਾ ਦਾ ਵਾਧਾ।




## ਨਿਰਯਾਤ

**38,424**
ਕਰੋੜ ਰੁਪਏ

**5,500%**
ਦਾ ਵਾਧਾ

**686**
ਕਰੋੜ ਰੁਪਏ



ਵਰ੍ਹੇ 2014-15 | ਵਰ੍ਹੇ 2025-26

# ਖਿਡੌਣੇ

**$384.7**
ਮਿਲੀਅਨ ਦਾ ਨਿਰਯਾਤ ਵਿੱਤੀ ਵਰ੍ਹੇ 2025-26 ਵਿੱਚ ਹੋਇਆ।

**239%**
ਵਧਿਆ ਨਿਰਯਾਤ ਪਿਛਲੇ 4 ਵਰ੍ਹਿਆਂ ਵਿੱਚ

**150**
ਤੋਂ ਵੱਧ ਦੇਸ਼ਾਂ ਨੂੰ ਭਾਰਤ ਤੋਂ ਹੋ ਰਿਹਾ ਨਿਰਯਾਤ




ਇਸ ਆਪ੍ਰੇਸ਼ਨ ਨਾਲ ਭਾਰਤ ਦੇ ਹਰ ਦੁਸ਼ਮਣ ਦੇ ਅੰਦਰ ਡਰ ਭਰ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ ਕਿ ਅੱਜ ਪਾਕਿਸਤਾਨ ਵਿੱਚ ਕਿਤੇ ਇੰਝ ਹੀ ਬ੍ਰਹਿਮੋਸ ਦੀ ਆਵਾਜ਼ ਆ ਜਾਵੇ ਤਾਂ ਉੱਥੇ ਨੀਂਦ ਨਹੀਂ ਆਉਂਦੀ।

ਸੁਰੱਖਿਆ ਦੀ ਆਤਮ ਨਿਰਭਰਤਾ ਵਿੱਚ ਇੱਕ ਮਨੁੱਖੀ ਪਹਿਲੂ ਵੀ ਹਰ ਵਰ੍ਹੇ ਦੀਵਾਲੀ ਦੇ ਮੌਕੇ 'ਤੇ ਦਿਖਦਾ ਹੈ। ਬੀਤੇ 25 ਵਰ੍ਹਿਆਂ ਤੋਂ ਪ੍ਰਧਾਨ ਮੰਤਰੀ ਮੋਦੀ ਆਪਣੀ ਹਰ ਦੀਵਾਲੀ ਸੈਨਿਕਾਂ ਦੇ ਨਾਲ ਹੀ ਮਨਾਉਂਦੇ ਆ ਰਹੇ ਹਨ। ਉਨ੍ਹਾਂ ਦੀ ਇਹੋ ਭਾਵਨਾ ਭਾਰਤ ਦੇ ਜਨ-ਜਨ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਸਰਹੱਦ ਨੂੰ ਵੀ ਸੁਰੱਖਿਅਤ ਬਣਾਈ ਰੱਖਣ ਦਾ ਅਟੁੱਟ ਸੰਦੇਸ਼ ਦਿੰਦੀ ਹੈ।

### ਸਦੀਆਂ ਪੁਰਾਣੀ ਵਿਰਾਸਤ... ਸਵਦੇਸ਼ੀ

ਸਵਦੇਸ਼ੀ ਦੀ ਇਹ ਭਾਵਨਾ ਭਾਰਤ ਦੇ ਲਈ ਨਵੀਂ ਨਹੀਂ ਹੈ। ਬੰਗਾਲ ਵੰਡ ਦੇ ਐਲਾਨ ਤੋਂ ਬਾਅਦ 7 ਅਗਸਤ 1905 ਨੂੰ ਸਵਦੇਸ਼ੀ ਅੰਦੋਲਨ ਦੀ ਸ਼ੁਰੂਆਤ ਹੋਈ ਸੀ, ਜਦੋਂ ਭਾਰਤੀਆਂ ਨੇ ਵਿਦੇਸ਼ੀ ਵਸਤੂਆਂ ਦੀ ਵਰਤੋਂ ਨਾ ਕਰਕੇ ਸਵਦੇਸ਼ੀ ਉਤਪਾਦਾਂ ਨੂੰ ਅਪਣਾਉਣ ਦਾ ਸੰਕਲਪ ਲਿਆ। ਇਹ ਅੰਦੋਲਨ ਰਾਜਨੀਤਕ ਹੀ ਨਹੀਂ, ਅੰਗ੍ਰੇਜ਼ਾਂ 'ਤੇ ਆਰਥਿਕ ਸੱਟ ਮਾਰਨ ਵਾਲਾ ਅੰਦੋਲਨ ਵੀ ਸੀ, ਜਿਸ ਸਦਕਾ 1905-08 ਦੌਰਾਨ ਆਯਾਤ ਵਿੱਚ ਜ਼ਿਕਰਯੋਗ ਗਿਰਾਵਟ ਆਈ ਅਤੇ ਦੇਸ਼ ਵਿੱਚ ਸਵਦੇਸ਼ੀ ਕੱਪੜਾ ਮਿੱਲਾਂ, ਸਾਬਣ-ਮਾਚਿਸ ਫੈਕਟਰੀ, ਚਮੜੇ ਦੇ ਕਾਰਖਾਨਿਆਂ ਅਤੇ ਬੈਂਕਿੰਗ-ਬੀਮਾ ਕੰਪਨੀਆਂ ਦੀ ਨੀਂਹ ਪਈ। ਉਸੇ ਵਿਰਾਸਤ ਨੂੰ ਅੱਗੇ ਵਧਾਉਂਦੇ ਹੋਏ 2014 ਤੋਂ 'ਵੋਕਲ ਫੋਰ

ਕਵਰ ਸਟੋਰੀ

ਵੋਕਲ ਫੋਰ ਲੋਕਲ

# ਐੱਫਡੀਆਈ

# ਈਜ਼ ਆਫ ਡੂਇੰਗ ਬਿਜ਼ਨਸ ਰੈਂਕਿੰਗ






**94.84**

ਅਰਬ ਅਮਰੀਕੀ ਡਾਲਰ ਦਾ ਨਿਵੇਸ਼ ਵਿੱਤੀ ਵਰ੍ਹੇ – 2025-26, ਵਿੱਤੀ ਵਰ੍ਹੇ 2013-14 ਵਿੱਚ 36.05 ਬਿਲੀਅਨ ਅਮਰੀਕੀ ਡਾਲਰ ਸੀ।

**163%**

ਦਾ ਵਾਧਾ ਪਿਛਲੇ 11 ਵਰ੍ਹਿਆਂ ਵਿੱਚ ਰਿਕਾਰਡ ਕੀਤਾ ਗਿਆ ਹੈ।

## ਟੈਕਸਟਾਈਲ ਨਿਰਯਾਤ

**3,25,339**

ਕਰੋੜ ਰੁਪਏ ਹੈਂਡੀਕ੍ਰਾਫਟ ਸਹਿਤ ਭਾਰਤ ਦਾ ਕੱਪੜਾ ਅਤੇ ਅਪੈਰਲ ਨਿਰਯਾਤ ਵਰ੍ਹੇ 2025-26 ਵਿੱਚ



**100**

ਤੋਂ ਵੱਧ ਦੇਸ਼ਾਂ ਵਿੱਚ ਵਧਿਆ ਨਿਰਯਾਤ

**3,19,573.2**

ਤੋਂ ਵੱਧ ਦੇਸ਼ਾਂ ਵਿੱਚ ਵਧਿਆ ਨਿਰਯਾਤ

ਲੋਕਲ' ਅਤੇ ਕੋਵਿਡ ਕਾਲ ਵਿੱਚ 'ਆਤਮ ਨਿਰਭਰ ਭਾਰਤ' ਦੇ ਮੰਤਰ ਵਿੱਚ ਨਵੇਂ ਸਵਦੇਸ਼ੀ ਅੰਦੋਲਨ ਨੂੰ ਜਨਮ ਦਿੱਤਾ ਹੈ। ਇਸੇ ਸੋਚ ਤੋਂ ਪ੍ਰੇਰਿਤ ਹੋ ਕੇ ਕੇਂਦਰ ਸਰਕਾਰ ਨੇ 7 ਅਗਸਤ 2015 ਨੂੰ ਰਾਸ਼ਟਰੀ ਹੈਂਡਲੂਮ ਦਿਵਸ ਦੀ ਸ਼ੁਰੂਆਤ ਕੀਤੀ। ਹਾਲ ਹੀ ਵਿੱਚ ਐੱਨਸੀਈਆਰਟੀ ਨੇ ਵੀ 'ਸਵਦੇਸ਼ੀ: ਵੋਕਲ ਫੋਰ  ਲੋਕਲ' ਨਾਂ ਨਾਲ ਵਿਸ਼ੇਸ਼ ਪਾਠਕ੍ਰਮ ਮੌਡਿਊਲ ਤਿਆਰ ਕੀਤੇ ਹਨ ਅਤੇ ਇਸ ਦਾ ਜ਼ਿਕਰ ਪ੍ਰਧਾਨ ਮੰਤਰੀ ਮੋਦੀ ਨੇ ਖੁਦ ਲਾਲ ਕਿਲ੍ਹੇ ਦੀ ਫਸੀਲ ਤੋਂ ਕੀਤਾ।

ਦੇਸ਼ ਦੀ ਅਜਿਹੀ ਤਰੱਕੀ ਲਈ ਆਤਮਵਿਸ਼ਵਾਸ ਅਤੇ ਆਤਮ ਸਨਮਾਨ ਦੀ ਜ਼ਰੂਰਤ ਹੁੰਦੀ ਹੈ। ਇਹੀ ਵਜ੍ਹਾ ਹੈ ਕਿ ਬੀਤੇ ਵਰ੍ਹਿਆਂ ਵਿੱਚ ਕੇਂਦਰ ਸਰਕਾਰ ਦਾ ਇਹ ਪ੍ਰਣ ਰਿਹਾ ਹੈ ਕਿ ਭਾਰਤ ਨੂੰ ਹੁਣ ਦੂਜੇ ਦੇਸ਼ਾਂ 'ਤੇ ਨਿਰਭਰ ਰਹਿ ਕੇ ਨਹੀਂ ਜਿਉਣਾ ਚਾਹੀਦਾ, ਆਤਮ ਨਿਰਭਰ ਬਣਨਾ ਚਾਹੀਦਾ ਹੈ। ਦੁਨੀਆ ਵਿੱਚ ਬਹੁਤ ਕੁਝ ਮਿਲਦਾ ਹੈ, ਸਸਤਾ ਮਿਲਦਾ ਹੈ, ਜਲਦੀ ਮਿਲ ਸਕਦਾ ਹੈ ਪਰ ਉਸ ਨਾਲ ਦੇਸ਼ ਦੀ ਸਮਰੱਥਾ ਤਿਆਰ ਨਹੀਂ ਹੁੰਦੀ ਹੈ, ਨਾ ਇਹ ਨਾਗਰਿਕਾਂ ਦੀ ਸਮਰੱਥਾ ਦੀ ਕਸੌਟੀ ਹੁੰਦੀ ਹੈ। ਪ੍ਰਧਾਨ ਮੰਤਰੀ ਮੋਦੀ ਕਈ ਮੌਕਿਆਂ 'ਤੇ ਕਹਿੰਦੇ ਵੀ ਹਨ, "ਸਾਨੂੰ ਵੀ ਆਪਣੀਆਂ ਸਮਰੱਥਾਵਾਂ ਨੂੰ ਵਧਾਉਣਾ ਹੈ, ਆਪਣੇ ਹਿਤਾਂ ਦੀ ਸੁਰੱਖਿਆ ਸਾਨੂੰ ਖੁਦ ਕਰਨੀ ਹੈ ਅਤੇ ਇਸ ਲਈ ਆਤਮ ਨਿਰਭਰ ਭਾਰਤ ਦਾ ਸੰਕਲਪ ਬਹੁਤ ਦ੍ਰਿੜ੍ਹਤਾ ਨਾਲ ਅਸੀਂ ਲੈ ਕੇ ਅੱਗੇ ਵਧ ਰਹੇ ਹਾਂ।" ਇਸੇ ਵਿਆਪਕ ਵਿਜ਼ਨ ਦਾ ਨਤੀਜਾ ਹੈ- ਮੇਕ ਇਨ ਇੰਡੀਆ, ਸਵਦੇਸ਼ੀ, ਵੋਕਲ ਫੋਰ  ਲੋਕਲ, ਇਨ੍ਹਾਂ ਸਾਰੇ ਖੇਤਰਾਂ ਵਿੱਚ ਅੱਜ ਹਰ ਭਾਰਤੀ ਦਾ ਮਨ ਜੁੜ ਰਿਹਾ ਹੈ।

ਅੱਜ 140 ਕਰੋੜ ਦੇਸ਼ਵਾਸੀਆਂ ਦਾ ਇੱਕ ਹੀ ਮੰਤਰ ਬਣ ਗਿਆ ਹੈ- ਖੁਸ਼ਹਾਲ ਭਾਰਤ। ਇਸ ਦੇ ਪਿੱਛੇ ਇੱਕ ਭਾਵਨਾ ਅੰਮ੍ਰਿਤ ਮਹੋਤਸਵ ਵਰ੍ਹੇ ਤੋਂ ਅੱਗੇ

## ਪ੍ਰਮਾਣੂ ਊਰਜਾ

### ਪ੍ਰਮਾਣੂ ਊਰਜਾ ਮਿਸ਼ਨ


- ਭਾਰਤ ਦਾ ਟੀਚਾ 2047 ਤੱਕ ਪ੍ਰਮਾਣੂ ਊਰਜਾ ਸਮਰੱਥਾ ਨੂੰ 100 ਗੀਗਾਵਾਟ ਤੱਕ ਵਧਾਉਣਾ ਹੈ।

### ਸਥਾਪਿਤ ਸਮਰੱਥਾ

- 8.78 ਗੀਗਾਵਾਟ ਪ੍ਰਮਾਣੂ ਊਰਜਾ ਸਮਰੱਥਾ 31 ਜੁਲਾਈ 2026 ਤੱਕ।



## ਪੀਐੱਲਆਈ



**2.40** ਲੱਖ ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕੀਤਾ ਗਿਆ ਹੈ।



**14.15** ਲੱਖ ਤੋਂ ਵੱਧ ਰੁਜ਼ਗਾਰ ਸਿਰਜੇ।

**15.12** ਲੱਖ ਕਰੋੜ ਰੁਪਏ ਤੋਂ ਵੱਧ ਦਾ ਨਿਰਯਾਤ।

## ਆਟੋਮੋਬਾਈਲ

**31.03**
ਮਿਲੀਅਨ ਯੂਨਿਟ ਵਾਹਨ ਉਤਪਾਦਨ ਵਰ੍ਹੇ 2025 ਵਿੱਚ ਜਦਕਿ ਵਰ੍ਹੇ 2021 ਵਿੱਚ 22.65 ਮਿਲੀਅਨ ਯੂਨਿਟ।

**3** ਕਰੋੜ
**ਪ੍ਰਤੱਖ ਅਤੇ ਅਪ੍ਰਤੱਖ ਰੁਜ਼ਗਾਰ ਆਟੋਮੋਬਾਈਲ ਸੈਕਟਰ ਤੋਂ ਮਿਲਿਆ ਹੈ।**



ਵਧੀ ਹੈ ਕਿ ਜੇਕਰ ਕੋਟਿ-ਕੋਟਿ ਲੋਕਾਂ ਦੇ ਬਲੀਦਾਨ ਨਾਲ ਭਾਰਤ ਸੁਤੰਤਰ ਹੋ ਸਕਦਾ ਹੈ, ਤਾਂ ਕੋਟਿ-ਕੋਟਿ ਲੋਕਾਂ ਦੇ ਸੰਕਲਪ, ਮਿਹਨਤ, ਆਤਮ ਨਿਰਭਰ, ਵੋਕਲ ਫੋਰ ਲੋਕਲ ਅਤੇ ਸਵਦੇਸ਼ੀ ਦੇ ਮੰਤਰ ਨੂੰ ਅਪਣਾਉਣ ਨਾਲ, ਭਾਰਤ ਖੁਸ਼ਹਾਲ ਵੀ ਬਣ ਸਕਦਾ ਹੈ। ਉਹ ਪੀੜ੍ਹੀ ਸੁਤੰਤਰ ਭਾਰਤ ਲਈ ਖਪ ਗਈ ਸੀ, ਇਹ ਪੀੜ੍ਹੀ ਖੁਸ਼ਹਾਲ ਭਾਰਤ ਲਈ ਨਵੇਂ ਕਦਮ ਚੁੱਕੇ, ਇਹੀ ਸਮੇਂ ਦੀ ਮੰਗ ਹੈ।ਇਸ ਲਈ ਪ੍ਰਧਾਨ ਮੰਤਰੀ ਮੋਦੀ ਨੇ ਲੋਕਲ ਫੋਰ  ਵੋਕਲ ਮੰਤਰ ਦੇ ਨਾਲ ਲਾਲ ਕਿਲ੍ਹੇ ਦੀ ਫਸੀਲ ਤੋਂ ਵੀ ਸੱਦਾ ਕੀਤਾ ਸੀ, “ਮੈਂ ਵਾਰ-ਵਾਰ ਤਾਕੀਦ ਕਰਦਾ ਹਾਂ। ਮੈਂ ਦੇਸ਼ ਦੇ ਸਾਰੇ ਇਨਫਲੂਐਂਸਰਜ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਮੰਤਰ ਨੂੰ ਅੱਗੇ ਵਧਾਉਣ ਵਿੱਚ ਮੇਰੀ ਮਦਦ ਕਰੋ। ਮੈਂ ਸਾਰੇ ਰਾਜਨੀਤਕ ਦਲਾਂ ਨੂੰ, ਰਾਜਨੇਤਾਵਾਂ ਨੂੰ, ਸਭ ਨੂੰ ਕਹਿੰਦਾ ਹਾਂ ਕਿ ਆਓ, ਇਹ ਕਿਸੇ ਰਾਜਨੀਤਕ ਦਲ ਦਾ ਏਜੰਡਾ ਨਹੀਂ ਹੈ, ਭਾਰਤ ਸਾਡਾ ਸਭ ਦਾ ਹੈ, ਅਸੀਂ ਮਿਲ ਕੇ ਵੋਕਲ ਫੋਰ ਲੋਕਲ ਦੇ ਮੰਤਰ ਨੂੰ ਹਰ ਨਾਗਰਿਕ ਦੇ ਜੀਵਨ ਦਾ ਮੰਤਰ ਬਣਾਈਏ। ਭਾਰਤ ਵਿੱਚ ਬਣੀ ਹੋਈ, ਭਾਰਤ ਦੇ ਨਾਗਰਿਕਾਂ ਦੇ ਪਸੀਨੇ ਤੋਂ ਬਣੀਆਂ ਹੋਈਆਂ ਉਹ ਚੀਜ਼ਾਂ, ਜਿਸ ਵਿੱਚ ਭਾਰਤ ਦੀ ਮਿੱਟੀ ਦੀ ਖੁਸ਼ਬੂ ਹੋਵੇ ਅਤੇ ਜੋ ਭਾਰਤ ਦੀ ਆਤਮ ਨਿਰਭਰਤਾ ਦੇ ਸੰਕਲਪ ਨੂੰ ਤਾਕਤ ਦਿੰਦਾ ਹੋਵੇ, ਅਸੀਂ ਉਸੇ ਨੂੰ ਖਰੀਦਾਂਗੇ, ਉਸੇ ਦੀ ਵਰਤੋਂ ਕਰਾਂਗੇ, ਉਸ ਦਿਸ਼ਾ ਵਿੱਚ ਅੱਗੇ ਆਈਏ, ਇਹ ਸਮੂਹਿਕ ਸੰਕਲਪ ਹੋਵੇ, ਦੇਖਦੇ ਹੀ ਦੇਖਦੇ ਅਸੀਂ ਦੁਨੀਆ ਬਦਲ ਦੇਵਾਂਗੇ।”

### ਖਾਦੀ ਤੋਂ ਖਿਡੌਣਿਆਂ ਤੱਕ, ਜਮੀਨੀ ਹਕੀਕਤ ਦੀਆਂ ਕਹਾਣੀਆਂ

ਆਜ਼ਾਦੀ ਤੋਂ ਪਹਿਲਾਂ ਚਰਖਾ ਅਤੇ ਖਾਦੀ ਜਨ-ਅੰਦੋਲਨ ਦਾ ਪ੍ਰਤੀਕ ਸੀ। ਪ੍ਰਧਾਨ ਮੰਤਰੀ ਮੋਦੀ ਦੇ ਸੱਦੇ ਤੋਂ ਬਾਅਦ ਖਾਦੀ ਇੱਕ ਵਾਰ ਫਿਰ ਰਾਸ਼ਟਰੀ ਫੈਸ਼ਨ ਦਾ ਪ੍ਰਤੀਕ

# ਡਿਜੀਟਲ ਆਰਥਿਕਤਾ



**ਭਾਰਤ ਦੀ ਜੀਡੀਪੀ ਵਿੱਚ ਲਗਭਗ**

**12-14%**

**ਦਾ ਯੋਗਦਾਨ ਦਿੰਦੀ ਹੈ ਅਤੇ ਅਗਲੇ ਦਹਾਕੇ ਵਿੱਚ ਇਸ ਦੇ 20 ਪ੍ਰਤੀਸ਼ਤ ਤੱਕ ਪਹੁੰਚਣ ਦਾ ਅਨੁਮਾਨ ਹੈ।**






**‘ਸਟੇਟ ਆਫ ਇੰਡੀਆਜ਼ ਡਿਜੀਟਲ ਇਕੌਨਮੀ ਰਿਪੋਰਟ 2026’ ਦੇ ਅਨੁਸਾਰ, ਭਾਰਤ ਹੁਣ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਡਿਜੀਟਲ ਆਰਥਿਕਤਾ ਹੈ।**

ਬਣੀ ਹੈ। ਇਸ ਦੀ ਪਹੁੰਚ ਹੁਣ ਸਿਰਫ ਭਾਰਤ ਤੱਕ ਸੀਮਤ ਨਹੀਂ ਰਹੀ। ਮੈਕਸਿਕੋ ਦੇ ਓਹਾਕਾ ਖੇਤਰ ਵਿੱਚ ਇੱਕ ਨੌਜਵਾਨ, ਮਹਾਤਮਾ ਗਾਂਧੀ ਤੋਂ ਪ੍ਰੇਰਿਤ ਹੋ ਕੇ ਭਾਰਤ ਆਇਆ ਅਤੇ ਵਾਪਸ ਜਾ ਕੇ ਉੱਥੋਂ ਦੇ ਗ੍ਰਾਮੀਣਾਂ ਨੂੰ ਖਾਦੀ ਬਣਾਉਣਾ ਸਿਖਾਇਆ। ਅੱਜ ‘ਓਹਾਕਾ ਖਾਦੀ’ ਇੱਕ ਸਥਾਪਿਤ ਬ੍ਰਾਂਡ ਬਣ ਚੁੱਕਿਆ ਹੈ।

ਖਿਡੌਣਾ ਉਦਯੋਗ ਦੀ ਕਹਾਣੀ ਵੀ ਘੱਟ ਪ੍ਰੇਰਕ ਨਹੀਂ ਹੈ। ਹੁਣ ਖਿਡੌਣਿਆਂ ਦੀ ਇਸੇ ਸਮ੍ਰਿੱਧ ਪਰੰਪਰਾ ਅਤੇ ਭਾਰਤੀ ਮਾਣ ਨੂੰ ਇੱਕ ਮੰਚ ਦੇਣ ਦੀ ਦਿਸ਼ਾ ਵਿੱਚ ਕੇਂਦਰ ਸਰਕਾਰ ਨੇ ਕਦਮ ਵਧਾਇਆ ਹੈ। ਭਾਰਤੀ ਖਿਡੌਣਿਆਂ ਵਿੱਚ ਨਵੇਂ-ਨਵੇਂ ਇਨੋਵੇਸ਼ਨਾਂ ਦੇ ਨਾਲ ਸੱਭਿਆਚਾਰ ਨੂੰ ਜੋੜਦੇ ਹੋਏ ਖਿਡੌਣਾ ਉਦਯੋਗ ਆਤਮ ਨਿਰਭਰ ਹੁੰਦੇ ਹੋਏ ਕਿਵੇਂ ਦੁਨੀਆ ਵਿੱਚ ਅੱਗੇ ਵਧੇ, ਇਸ ਦੇ ਲਈ ਜਨਵਰੀ 2021 ਵਿੱਚ ਟੌਇਕਾਥੌਨ ਦਾ ਆਯੋਜਨ ਕੀਤਾ ਗਿਆ ਸੀ। ਫਿਰ 27 ਫਰਵਰੀ ਤੋਂ 2 ਮਾਰਚ 2021 ਤੱਕ ਦੇਸ਼ ਦੇ ਇਤਿਹਾਸ ਦਾ ਪਹਿਲਾ ‘ਖਿਡੌਣਾ ਮੇਲਾ’ ਆਯੋਜਿਤ ਕੀਤਾ ਗਿਆ। 2021 ਵਿੱਚ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਭਾਰਤ ਆਪਣੀ ਜ਼ਰੂਰਤ ਦੇ ਕਰੀਬ 80 ਪ੍ਰਤੀਸ਼ਤ ਖਿਡੌਣੇ ਆਯਾਤ ਕਰਦਾ ਸੀ। ਉੱਥੇ ਆਲਮੀ 100 ਅਰਬ ਡਾਲਰ ਦੇ ਖਿਡੌਣਾ ਬਜ਼ਾਰ ਵਿੱਚ ਭਾਰਤ ਦੀ ਹਿੱਸੇਦਾਰੀ ਸਿਰਫ ਡੇਢ ਅਰਬ ਡਾਲਰ ਸੀ। ਪੰਜ ਵਰ੍ਹਿਆਂ ਵਿੱਚ ਇਹ ਤਸਵੀਰ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਜੁਲਾਈ 2026 ਦੀ ਰਿਪੋਰਟ ਦੇ ਮੁਤਾਬਕ, ਪ੍ਰਮੁੱਖ ਖਿਡੌਣਾ ਸ਼੍ਰੇਣੀਆਂ ਵਿੱਚ ਭਾਰਤ ਦਾ ਨਿਰਯਾਤ 2017-18 ਦੇ 15.27 ਕਰੋੜ ਡਾਲਰ ਤੋਂ ਵਧ ਕੇ 2025-26 ਵਿੱਚ 38.47 ਕਰੋੜ ਡਾਲਰ ਹੋ ਗਿਆ। ਭਾਵ ਲਗਭਗ 152% ਦਾ ਸ਼ਾਨਦਾਰ ਵਾਧਾ ਦਰਜ ਕੀਤਾ ਗਿਆ।

## ਆਤਮਨਿਰਭਰ ਭਾਰਤ ਦੇ ਪੰਜ ਥੰਮ੍ਹ

### 1
### ਆਰਥਿਕਤਾ

ਕੁਆਂਟਮ ਜੰਪ ਲਿਆਈਏ ਨਾ ਕਿ ਵਾਧੇ ਦਾ ਪਰਿਵਰਤਨ, ਸਰਕਾਰ ਦਾ ਟੀਚਾ ਭਾਰਤ ਨੂੰ ਪੰਜ ਟ੍ਰਿਲੀਅਨ ਡਾਲਰ ਦੀ ਆਰਥਿਕਤਾ ਬਣਾਉਣਾ ਹੈ।



### 2
### ਇਨਫ੍ਰਾਸਟ੍ਰਕਚਰ

ਭਾਰਤ ਦੀ ਨਵੀਂ ਪਛਾਣ। 5 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਦਾ ਟੀਚਾ, ਅਗਲੇ 5 ਵਰ੍ਹਿਆਂ ਵਿੱਚ ਭਾਰਤ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ 100 ਲੱਖ ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼।



### 3. ਪ੍ਰਣਾਲੀ

21ਵੀਂ ਸਦੀ ਦੀ ਤਕਨਾਲੋਜੀ-ਸੰਚਾਲਿਤ ਵਿਵਸਥਾਵਾਂ 'ਤੇ ਅਧਾਰਿਤ।

### 4
### ਵਾਈਬ੍ਰੈਂਟ ਡੈਮੋਗ੍ਰਾਫੀ

ਜੋ ਆਤਮ ਨਿਰਭਰ ਭਾਰਤ ਲਈ ਮੁਕਾਬਲਾਤਮਕ ਲਾਭ ਸਾਬਤ ਹੋਵੇਗੀ।




### 5. ਮੰਗ

ਮੰਗ ਅਤੇ ਸਪਲਾਈ ਚੇਨ ਦੀ ਤਾਕਤ ਦੀ ਵਰਤੋਂ ਪੂਰੀ ਸਮਰੱਥਾ ਨਾਲ ਕੀਤੀ ਜਾਣੀ ਚਾਹੀਦੀ ਹੈ।



ਇਲੈਕਟ੍ਰੌਨਿਕ ਅਤੇ ਗੈਰ-ਇਲੈਕਟ੍ਰੌਨਿਕ ਖਿਡੌਣਿਆਂ ਦੇ ਨਿਰਯਾਤ ਵਿੱਚ ਤਾਂ ਲਗਭਗ 160% ਦਾ ਵਾਧਾ ਹੋਇਆ। ਜ਼ਿਕਰਯੋਗ ਗੱਲ ਇਹ ਹੈ ਕਿ 2017-18 ਵਿੱਚ ਜਿੱਥੇ ਭਾਰਤ ਨੂੰ ਇਸ ਖੇਤਰ ਵਿੱਚ 21.3 ਕਰੋੜ ਡਾਲਰ ਦਾ ਵਪਾਰ ਘਾਟਾ ਹੁੰਦਾ ਸੀ, ਉੱਥੇ ਹੀ 2025-26 ਵਿੱਚ ਭਾਰਤ ਨੇ 15.2 ਕਰੋੜ ਡਾਲਰ ਦਾ ਵਪਾਰ ਵਾਧੂ (ਸਰਪਲੱਸ) ਦਰਜ ਕੀਤਾ। ਗੁਜਰਾਤ ਦੇ ਰਾਜਕੋਟ ਤੋਂ ਲੈ ਕੇ ਕਰਨਾਟਕ ਦੇ ਚੰਨਾਪਟਨਾ, ਆਂਧਰ ਪ੍ਰਦੇਸ਼ ਦੇ ਕੋਂਡਪੱਲੀ-ਏਟਿਕੋਪਕਾ ਅਤੇ ਉੱਤਰ ਪ੍ਰਦੇਸ਼ ਦੇ ਵਾਰਾਣਸੀ ਤੱਕ ਫੈਲੇ ਰਵਾਇਤੀ ਟੌਏ ਕਲਸਟਰ ਅੱਜ ਇਸ ਬਦਲਾਅ ਦੇ ਕੇਂਦਰ ਵਿੱਚ ਹਨ। ਭਾਰਤ ਵਿੱਚ ਰਵਾਇਤੀ ਖਿਡੌਣਿਆਂ ਦੇ 12 ਕਲਸਟਰ ਜੀਆਈ ਟੈਗ ਪ੍ਰਾਪਤ ਹਨ ਅਤੇ ਇਹ ਵਿਰਾਸਤ ਲਗਭਗ ਪੰਜ ਹਜ਼ਾਰ ਵਰ੍ਹੇ ਪੁਰਾਣੀ ਮੰਨੀ ਜਾਂਦੀ ਹੈ।

### ਹਰ ਘਰ, ਹਰ ਦੁਕਾਨ ਦਾ ਸੰਕਲਪ

ਪ੍ਰਧਾਨ ਮੰਤਰੀ ਮੋਦੀ ਹਰ ਛੋਟੇ-ਵੱਡੇ ਵਪਾਰੀ ਅਤੇ ਦੁਕਾਨਦਾਰ ਨੂੰ ਵੀ ਤਾਕੀਦ ਕਰਦੇ ਹਨ ਕਿ ਉਹ ਆਪਣੀਆਂ ਦੁਕਾਨਾਂ 'ਤੇ ਮਾਣ ਨਾਲ ਇਹ ਬੋਰਡ ਲਗਾਉਣ ਕਿ ਇੱਥੇ ਸਵਦੇਸ਼ੀ ਸਮਾਨ ਵਿਕਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸਵਦੇਸ਼ੀ ਦਾ ਉਪਯੋਗ ਮਜਬੂਰੀ ਵਿੱਚ ਨਹੀਂ, ਸਗੋਂ ਮਜ਼ਬੂਤੀ ਨਾਲ ਹੋਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਸ ਸੰਕਲਪ ਨੂੰ ਕੁਝ ਇਸ ਤਰ੍ਹਾਂ ਨਾਲ ਸਮਝਾਇਆ ਸੀ, "ਮੈਂ ਅੱਜ ਹਰ ਛੋਟੇ-ਮੋਟੇ ਵਪਾਰੀ ਅਤੇ ਦੁਕਾਨਦਾਰ ਨੂੰ ਤਾਕੀਦ ਕਰਨਾ ਚਾਹੁੰਦਾ ਹਾਂ,



ਤੁਹਾਡੀ ਵੀ ਜ਼ਿੰਮੇਦਾਰੀ ਹੈ, ਅਸੀਂ ਛੋਟੇ ਸੀ ਅਸੀ ਬਜ਼ਾਰ ਵਿੱਚ ਕਦੇ ਦੇਖਿਆ ਨਹੀਂ ਕੀ, ਕਿ ਸ਼ੁੱਧ ਘੀ ਦੀ ਦੁਕਾਨ, ਇਵੇਂ ਹੀ ਲਿਖਿਆ ਜਾਂਦਾ ਸੀ ਕਿ ਘੀ ਦੀ ਦੁਕਾਨ, ਪਰ ਸਮਾਂ ਰਹਿੰਦੇ ਲੋਕ ਲਿਖਣ ਲਗੇ ਸ਼ੁੱਧ ਘੀ ਦੀ ਦੁਕਾਨ। ਮੈਂ ਚਾਹੁੰਦਾ ਹਾਂ, ਦੇਸ਼ ਵਿੱਚ ਅਜਿਹੇ ਵਪਾਰੀ ਅਤੇ ਦੁਕਾਨਦਾਰ ਅੱਗੇ ਆਉਣ ਕਿ ਇੱਥੇ ਸਵਦੇਸ਼ੀ ਮਾਲ ਵਿਕਦਾ ਹੈ, ਉਹ ਬੋਰਡ ਲਗਾਉਣ। ਸਵਦੇਸ਼ੀ ਮਜ਼ਬੂਤੀ ਦੇ ਲਈ ਉਪਯੋਗ ਕਰਨਗੇ ਅਤੇ ਜ਼ਰੂਰਤ ਪਈ ਤਾਂ ਹੋਰਾਂ ਨੂੰ ਮਜ਼ਬੂਤ ਕਰਨ ਦੇ ਲਈ ਉਪਯੋਗ ਕਰਾਂਗੇ, ਇਹ ਸਾਡੀ ਤਾਕਤ ਹੋਣੀ ਚਾਹੀਦੀ ਹੈ। ਇਹ ਸਾਡਾ ਮੰਤਰ ਹੋਣਾ ਚਾਹੀਦਾ ਹੈ।" ਸਕੂਲਾਂ ਵਿੱਚ ਵੀ ਇਸ ਭਾਵਨਾ ਨੂੰ ਹੁਲਾਰਾ ਦੇਣ ਦੇ ਲਈ ਸਵਦੇਸ਼ੀ ਦਿਵਸ, ਸਵਦੇਸ਼ੀ ਹਫਤਾ ਅਤੇ ਸਥਾਨਕ ਉਤਪਾਦ ਦਿਵਸ ਜਿਹੇ ਆਯੋਜਨ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਸਤੰਬਰ 2025 ਵਿੱਚ ਰਾਸ਼ਟਰੀ ਅਧਿਆਪਕ ਪੁਰਸਕਾਰ ਜੇਤੂਆਂ ਨਾਲ ਗੱਲਬਾਤ ਵਿੱਚ ਪ੍ਰਧਾਨ ਮੰਤਰੀ ਨੇ ਅਧਿਆਪਕਾਂ ਨੂੰ ਇਹ ਹੋਮਵਰਕ ਦਿੱਤਾ ਸੀ ਕਿ ਉਹ ਵਿਦਿਆਰਥੀਆਂ ਦੇ ਨਾਲ ਮਿਲ ਕੇ ਸਵਦੇਸ਼ੀ ਅਭਿਆਨ ਦੀ ਅਗਵਾਈ ਕਰਨ। ਉਨ੍ਹਾਂ ਦਾ ਕਹਿਣਾ ਸੀ ਕਿ ਸਕੂਲਾਂ ਵਿੱਚ ਵੀ ਬੱਚਿਆਂ ਨੂੰ ਅਜਿਹੇ ਪ੍ਰੋਜੈਕਟ ਦੇਣੇ ਚਾਹੀਦੇ ਹਨ, ਜਿਸ ਦਾ ਵਿਸ਼ਾ 'ਮੇਕ ਇਨ ਇੰਡੀਆ' ਹੋਵੇ। ਕੁਝ ਦੇਰ ਦੇ ਲਈ ਆਪਣੇ ਖੇਤਰ ਵਿੱਚ ਸਵਦੇਸ਼ੀ ਰੈਲੀਆਂ ਕੱਢੀਏ । ਸਕੂਲਾਂ ਵਿੱਚ ਇਸ ਦੇ ਲਈ ਉਤਸਵ ਮਨਾਈਏ। ਸਵਦੇਸ਼ੀ ਦਿਵਸ, ਸਵਦੇਸ਼ੀ ਹਫਤਾ, ਸਥਾਨਕ ਉਤਪਾਦ ਦਿਵਸ ਮਨਾਈਏ। ਬੱਚੇ ਆਪਣੇ ਘਰਾਂ ਵਿੱਚ ਸਵਦੇਸ਼ੀ ਸਮਾਨ ਦੀ ਸੰਖਿਆ ਵਧਾਉਣਗੇ। ਸਵਦੇਸ਼ੀ ਦੇ ਮਹੱਤਵ 'ਤੇ ਚਰਚਾ ਦਾ ਆਯੋਜਨ ਹੋਵੇ। ਬੱਚਿਆਂ ਦੇ ਜਨਮਦਿਨ 'ਤੇ ਸਵਦੇਸ਼ੀ ਤੋਹਫੇ ਦੇਣ ਦੀ ਥੀਮ ਬਣਾਈਏ। ਇਸ ਦਾ ਨਤੀਜਾ ਇਹ ਹੋਵੇਗਾ ਕਿ ਬਚਪਨ ਤੋਂ ਹੀ ਸਵਦੇਸ਼ੀ ਦੀ ਭਾਵਨਾ ਵਧੇਗੀ ਅਤੇ ਹੌਲੀ-ਹੌਲੀ ਪੂਰਾ ਪਰਿਵਾਰ ਸਵਦੇਸ਼ੀ ਹੋ ਜਾਵੇਗਾ।

## ਵਪਾਰ ਅਤੇ ਨੀਤੀ ਵਿੱਚ ਬਦਲਾਅ

ਕੇਂਦਰ ਸਰਕਾਰ ਨੇ ਪਹਿਲੀ ਵਾਰ 14 ਮਹੱਤਵਪੂਰਨ ਖੇਤਰਾਂ ਦੀ ਪਛਾਣ ਕਰਕੇ ਉਤਪਾਦਨ ਸਬੰਧ ਪ੍ਰੋਤਸਾਹਨ ਭਾਵ ਪੀਐੱਲਆਈ ਯੋਜਨਾ ਦੀ ਸ਼ੁਰੂਆਤ ਕੀਤੀ। ਈਜ਼ ਆਫ ਡੂਇੰਗ ਬਿਜ਼ਨਸ ਰੈਂਕਿੰਗ ਵਿੱਚ ਭਾਰਤ 2014 ਦੇ 142ਵੇਂ ਸਥਾਨ ਤੋਂ 63ਵੇਂ ਸਥਾਨ 'ਤੇ ਪਹੁੰਚ ਚੁੱਕਿਆ ਹੈ। ਵਿਦੇਸ਼ੀ ਨਿਵੇਸ਼ ਪ੍ਰਵਾਹ ਵਿੱਚ ਵੀ ਰਿਕਾਰਡ ਤੋੜ ਵਾਧਾ ਦਰਜ ਹੋਇਆ ਹੈ। ਵਰ੍ਹੇ 2014-24 ਦਰਮਿਆਨ ਭਾਰਤ ਵਿੱਚ 667.4 ਅਰਬ ਡਾਲਰ ਐੱਫਡੀਆਈ ਆਇਆ ਜੋ 204-14 ਦੇ ਪਿਛਲੇ ਦਹਾਕੇ ਦੀ ਤੁਲਨਾ ਵਿੱਚ 119% ਵੱਧ ਹੈ। ਅਗਸਤ 2026 ਵਿੱਚ ਹੀ ਭਾਰਤ ਦਾ ਟੈਕਸਟਾਈਲ ਨਿਰਯਾਤ 29,776 ਕਰੋੜ ਰੁਪਏ ਰਿਹਾ, ਜੋ ਪਿਛਲੇ ਵਰ੍ਹੇ ਦੀ ਤੁਲਨਾ ਵਿੱਚ 16.1 ਪ੍ਰਤੀਸ਼ਤ ਵੱਧ ਹੈ। ਇੱਕ ਜ਼ਿਲ੍ਹਾ-ਇੱਕ ਉਤਪਾਦ ਨੀਤੀ ਨੇ ਸੂਖਮ ਉੱਦਮਾਂ ਦਾ ਮੁਕਾਬਲਾ ਵਧਾਇਆ ਹੈ।

## ਇਸ ਦੀਵਾਲੀ ਵੀ, ਸੰਕਲਪ ਓਹੀ

2026 ਦੀ ਇਹ ਦੀਵਾਲੀ  ਕਈ ਮਾਇਨਿਆਂ ਵਿੱਚ ਵਿਸ਼ੇਸ ਹੈ। ਇਹ ਉਹ ਵਰ੍ਹਾ ਹੈ ਜਦੋਂ ਦੇਸ਼ ਨੇ ਸੈਮੀਕੰਡਕਟਰ ਅਤੇ ਪ੍ਰਮਾਣੂ ਊਰਜਾ ਜਿਹੇ ਖੇਤਰਾਂ ਵਿੱਚ ਵੱਡੀ ਛਲਾਂਗ ਲਗਾਈ ਹੈ, ਰੱਖਿਆ ਨਿਰਯਾਤ ਨੇ ਨਵਾਂ ਰਿਕਾਰਡ ਬਣਾਇਆ ਹੈ ਅਤੇ ਸਵਦੇਸ਼ੀ ਸੈਨਾ ਸ਼ਕਤੀ ਨੇ ਆਪਣੀ ਸਮਰੱਥਾ ਸਿੱਧ ਕੀਤੀ ਹੈ। ਅਜਿਹੇ ਸਮੇਂ ਵਿੱਚ ਜਦੋਂ ਆਲਮੀ ਸਥਿਤੀਆਂ ਤੇਜ਼ੀ ਨਾਲ ਬਦਲ ਰਹੀਆਂ ਹਨ, ਆਤਮ ਨਿਰਭਰਤਾ ਦੀ ਜ਼ਰੂਰਤ ਪਹਿਲਾਂ ਤੋਂ ਕਿਤੇ ਵੱਧ ਮਹਿਸੂਸ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਦਾ ਸੰਦੇਸ਼ ਸਪਸ਼ਟ ਹੈ ਕਿ ਜੋ ਵੀ ਖਰੀਦੀਏ, ਉਹ ਸਵਦੇਸ਼ੀ ਹੋਵੇ। ਘਰ ਸਜਾਈਏ ਤਾਂ ਸਵਦੇਸ਼ੀ ਨਾਲ, ਤੋਹਫੇ ਦਈਏ ਤਾਂ ਮੇਡ ਇਨ ਇੰਡੀਆ, ਜੀਵਨ ਦੀ ਹਰ ਜ਼ਰੂਰਤ ਵਿੱਚ ਭਾਰਤ ਦੀ ਮਿੱਟੀ ਦੀ ਮਹਿਕ ਹੋਵੇ। ਇਹ ਅਪੀਲ ਕਿਸੇ ਰਾਜਨੀਤਕ ਦਲ ਜਾਂ ਸਰਕਾਰ ਦੀ ਨਹੀਂ, ਸਗੋਂ ਪੂਰੇ ਰਾਸ਼ਟਰ ਦੇ ਭਵਿੱਖ ਦੀ ਹੈ। ਪ੍ਰਧਾਨ ਮੰਤਰੀ ਮੋਦੀ ਇਸ ਸੰਕਲਪ ਵਿੱਚ ਕਿਸੇ ਵੀ ਗੈਰ-ਜ਼ਰੂਰੀ ਤੁਲਨਾ ਦੀ ਥਾਂ ਆਪਣੀ ਲਕੀਰ ਵੱਡੀ ਕਰਨ ਦਾ ਵੀ ਸੱਦਾ ਦਿੰਦੇ ਹਨ। ਬੀਤੇ 7 ਅਕਤੂਬਰ ਨੂੰ ਸ਼ਾਸਨ ਦੇ ਪ੍ਰਮੁੱਖ ਦੇ ਰੂਪ ਵਿੱਚ 25 ਵਰ੍ਹੇ ਪੂਰੇ ਕਰਨ ਵਾਲੇ ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ, "ਮੈਂ ਬਹੁਤ ਅਨੁਭਵ ਨਾਲ ਕਹਿੰਦਾ ਹਾਂ ਕਿਸੇ ਦੂਜੇ ਦੀ ਲਕੀਰ ਛੋਟੀ ਕਰਨ ਲਈ ਆਪਣੀ ਊਰਜਾ ਅਸੀਂ ਖਰਚ ਨਹੀਂ ਕਰਨੀ ਹੈ, ਸਾਨੂੰ ਪੂਰੀ ਊਰਜਾ ਦੇ




ਨਾਲ ਆਪਣੀ ਲਕੀਰ ਨੂੰ ਲੰਬਾ ਕਰਨਾ ਹੈ। ਅਸੀਂ ਜੇਕਰ ਆਪਣੀ ਲਕੀਰ ਲੰਬੀ ਕਰਦੇ ਹਾਂ, ਤਾਂ ਦੁਨੀਆ ਵੀ ਸਾਡਾ ਲੋਹਾ ਮੰਨੇਗੀ। ਅੱਜ ਜਦੋਂ ਆਲਮੀ ਸਥਿਤੀਆਂ ਵਿੱਚ ਆਰਥਿਕ ਸੁਆਰਥ ਦਿਨੋਂ-ਦਿਨ ਵਧ ਰਿਹਾ ਹੈ, ਤਾਂ ਸਮੇਂ ਦੀ ਮੰਗ ਹੈ ਕਿ ਸਾਨੂੰ ਉਨ੍ਹਾਂ ਸੰਕਟਾਂ 'ਤੇ ਬੈਠ ਕੇ ਅਫਸੋਸ ਦੀ ਜ਼ਰੂਰਤ ਨਹੀਂ ਹੈ, ਹਿੰਮਤ ਦੇ ਨਾਲ ਅਸੀਂ ਆਪਣੀ ਲਕੀਰ ਨੂੰ ਲੰਬੀ ਕਰੀਏ। ਮੈਂ 25 ਸਾਲ ਦੇ ਸ਼ਾਸਨ ਦੇ ਤਜ਼ਰਬੇ ਨਾਲ ਕਹਿ ਸਕਦਾ ਹਾਂ, ਜੇਕਰ ਇਹ ਰਸਤਾ ਅਸੀਂ ਚੁਣ ਲਿਆ, ਹਰ ਕਿਸੇ ਨੇ ਚੁਣ ਲਿਆ ਤਾਂ ਫਿਰ ਕੋਈ ਸੁਆਰਥ ਸਾਨੂੰ ਆਪਣੀ ਚੰਗੁਲ ਵਿੱਚ ਨਹੀਂ ਫਸਾ ਸਕਦਾ ਹੈ।"

## ਵਿਕਸਿਤ ਭਾਰਤ ਵੱਲ

2047 ਵਿੱਚ ਜਦੋਂ ਭਾਰਤ ਆਪਣੀ ਆਜ਼ਾਦੀ ਦੇ ਸੌ ਵਰ੍ਹੇ ਪੂਰੇ ਕਰੇਗਾ, ਉਦੋਂ ਤੱਕ ਵਿਕਸਿਤ ਰਾਸ਼ਟਰ ਬਣਨ ਦਾ ਜੋ ਸੰਕਲਪ ਦੇਸ਼ ਨੇ ਲਿਆ ਹੈ, ਉਸ ਦੀ ਨੀਂਹ ਇਹੀ ਆਤਮ ਨਿਰਭਰਤਾ ਅਤੇ ਸਵਦੇਸ਼ੀ ਦੀ ਭਾਵਨਾ ਹੈ। ਮੇਕ ਇਨ ਇੰਡੀਆ, ਸਵਦੇਸ਼ੀ ਅਤੇ ਵੋਕਲ ਫੋਰ ਲੋਕਲ, ਇਹ ਤ੍ਰਿਸ਼ਕਤੀ ਮਿਲ ਕੇ ਉਸ ਮਹਾਮਾਰਗ ਦਾ ਨਿਰਮਾਣ ਕਰ ਰਹੇ ਹਨ, ਜਿਸ 'ਤੇ ਚਲ ਕੇ ਭਾਰਤ ਆਪਣੀ ਪ੍ਰਾਚੀਨ ਮਾਣਮੱਤੀ ਵਿਰਾਸਤ ਨੂੰ ਫਿਰ ਤੋਂ ਪ੍ਰਾਪਤ ਕਰੇਗਾ। ਇਸ ਤਿਉਹਾਰਾਂ ਦੇ ਮੌਸਮ ਵਿੱਚ, ਖਾਸ ਤੌਰ 'ਤੇ ਦੀਵਾਲੀ, ਛਠ ਮਹਾਪਰਵ ਦੇ ਮੌਕੇ 'ਤੇ ਹਰ ਭਾਰਤੀ ਤੋਂ ਪ੍ਰਧਾਨ ਮੰਤਰੀ ਮੋਦੀ ਦੀ ਇਹ ਉਮੀਦ ਹੈ, ਦੀਵੇ ਜਗਾਉਣ ਪਰ ਸਵਦੇਸ਼ੀ, ਖੁਸ਼ੀਆਂ ਮਨਾਉਣ, ਪਰ ਸਥਾਨਕ ਉਤਪਾਦਾਂ ਦੇ ਨਾਲ ਅਤੇ ਮਾਣ ਨਾਲ ਕਹੋ ਕਿ ਇਹ ਸਵਦੇਸ਼ੀ ਹੈ, ਇਹ ਮੇਡ ਇਨ ਇੰਡੀਆ ਹੈ।

ਯਕੀਨੀ ਤੌਰ 'ਤੇ ਅੱਜ ਹਿੰਦੁਸਤਾਨ ਦੇ ਹਰ ਕੋਨੇ ਵਿੱਚ 'ਵੋਕਲ ਫੋਰ ਲੋਕਲ' ਸੁਣਾਈ ਦੇ ਰਿਹਾ ਹੈ। ਲੋਕ ਹੱਥ ਲਗਾ ਕੇ ਵਸਤੂਆਂ ਵਿੱਚ ਲੋਕਲ ਲੱਭਦੇ ਹਨ ਜੋ ਆਤਮ ਸਨਮਾਨ ਦਾ ਪ੍ਰਤੀਕ ਹੈ। ਭਾਰਤੀ ਹੋਣ ਦਾ ਭਾਵ, ਵਿਜ਼ਨ 'ਲੋਕਲ ਫੋਰ ਵੋਕਲ' ਮੰਤਰ ਦੇ ਨਾਲ ਦੇਸ਼ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਣ ਦਾ 140 ਕਰੋੜ ਭਾਰਤੀਆਂ ਦਾ ਸੰਕਲਪ ਬਣ ਚੁੱਕਿਆ ਹੈ, ਜੋ ਸਥਾਨਕ ਉਤਪਾਦ ਅਤੇ ਬਜ਼ਾਰ ਨੂੰ ਹੁਲਾਰਾ ਦੇ ਰਿਹਾ ਹੈ ਤਾਕਿ ਦੇਸ਼ ਦੇ ਉਤਪਾਦਾਂ ਨੂੰ ਗਲੋਬਲ ਬਣਾਇਆ ਜਾ ਸਕੇ। ਇਸ ਅੰਮ੍ਰਿਤ ਕਾਲ ਵਿੱਚ ਦੇਸ਼ ਨੇ ਤੈਅ ਕਰ ਲਿਆ ਹੈ ਕਿ 'ਵੋਕਲ ਫੋਰ ਲੋਕਲ' ਦੇ ਸੱਦੇ ਨਾਲ ਭਾਰਤ ਦੀਆਂ ਪਰੰਪਰਾਵਾਂ ਨੂੰ, ਇਸ ਦੀਆਂ ਵੀਰ ਗਾਥਾਵਾਂ ਨੂੰ ਹੁਣ ਹੋਰ ਵੀ ਸ਼ਾਨਦਾਰ ਪਛਾਣ ਦੇਵੇਗਾ। ■

# ਭਾਰਤੀ ਜਾਨ ਲੈਣ ਵਾਲੇ ਨਹੀਂ...

# ਜਾਨ ਬਚਾਉਣ ਵਾਲੇ ਹਨ



*ਭਾਰਤੀ ਪਾਇਲਟ ਕੈਪਟਨ ਸਮਿਤ ਮੱਛਾਰ ਨੇ ਆਪਣੀ ਬਹਾਦਰੀ ਅਤੇ ਸੂਝ-ਬੂਝ ਦਾ ਪ੍ਰਦਰਸ਼ਨ ਕਰਦੇ ਹੋਏ ਨਾ ਸਿਰਫ਼ 9/11 ਵਰਗਾ ਇੱਕ ਹੋਰ ਹਮਲਾ ਹੋਣ ਤੋਂ ਰੋਕ ਦਿੱਤਾ, ਸਗੋਂ ਪੂਰੀ ਦੁਨੀਆ ਵਿੱਚ 140 ਕਰੋੜ ਭਾਰਤੀਆਂ ਨੂੰ ਮਾਣ ਕਰਨ ਦਾ ਮੌਕਾ ਦਿੱਤਾ। ਇਹੀ ਕਾਰਨ ਹੈ ਕਿ ਅਮਰੀਕਾ ਅਤੇ ਇਜ਼ਰਾਈਲ ਸਮੇਤ ਪੂਰੀ ਦੁਨੀਆ ਇਸ ਭਾਰਤੀ ਪਾਇਲਟ ਨੂੰ ਹੀਰੋ ਦੱਸ ਰਹੀ ਹੈ। ਇਸ ਬਹਾਦਰ ਪਾਇਲਟ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2 ਅਕਤੂਬਰ ਨੂੰ ਵੀਡੀਓ ਕਾਲ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਜਲਦੀ ਸਿਹਤਮੰਦ ਹੋਣ ਦੀ ਕਾਮਨਾ ਕੀਤੀ। ਪੇਸ਼ ਹਨ ਇੱਥੇ ਇਸ ਗੱਲਬਾਤ ਦੇ ਮੁੱਖ ਅੰਸ਼...*

ਪ੍ਰਧਾਨ ਮੰਤਰੀ: ਸਮਿਤ, ਨਮਸਤੇ।

**ਕੈਪਟਨ ਸਮਿਤ:** ਜੈ ਹਿੰਦ ਸਰ। ਨਮਸਤੇ ਸਰ।

ਪ੍ਰਧਾਨ ਮੰਤਰੀ: ਕਿਵੇਂ ਹੋ ਹੁਣ, ਤਬੀਅਤ ਕਿਵੇਂ ਹੈ?

**ਕੈਪਟਨ ਸਮਿਤ:** ਸਰ, ਸਭ ਠੀਕ ਹੈ ਸਰ, ਸਭ ਠੀਕ ਹੈ।

ਪ੍ਰਧਾਨ ਮੰਤਰੀ: ਵੇਖੋ, ਪੂਰਾ ਦੇਸ਼ ਤੁਹਾਡੇ ਲਈ ਪ੍ਰਾਰਥਨਾ ਕਰ ਰਿਹਾ ਹੈ, ਮਹਾਮ੍ਰਿਤੁੰਜਯ ਦਾ ਜਾਪ ਹਰ ਪਾਸੇ ਚੱਲ ਰਿਹਾ ਹੈ।

**ਕੈਪਟਨ ਸਮਿਤ:** ਜੀ ਸਰ

ਪ੍ਰਧਾਨ ਮੰਤਰੀ: ਤੁਹਾਡੀ ਹਿੰਮਤ, ਧੀਰਜ ਅਤੇ ਸੂਝ-ਬੂਝ ਨੇ, ਭਾਵ ਕਿ ਫ੍ਰਿਕਸ਼ਨ ਆਫ਼ ਏ ਸਕਿੰਟ ਵਿੱਚ ਇੰਨੇ ਫ਼ੈਸਲੇ ਕਰ ਲਏ ਤੁਸੀਂ... ਅਤੇ ਇੰਨੇ ਲੋਕਾਂ ਦੀ ਜਾਨ ਬਚਾਈ। ਪੂਰਾ ਦੇਸ਼ ਮਾਣ ਨਾਲ ਕਹਿ ਸਕਦਾ ਹੈ ਕਿ ਅਸੀਂ ਹਿੰਦੁਸਤਾਨੀ ਜਾਨ ਲੈਣ ਵਾਲੇ ਲੋਕ ਨਹੀਂ ਹਾਂ, ਜਾਨ ਬਚਾਉਣ ਵਾਲੇ ਲੋਕ ਹਾਂ।

**ਕੈਪਟਨ ਸਮਿਤ:** ਬਿਲਕੁਲ ਸਰ।

ਪ੍ਰਧਾਨ ਮੰਤਰੀ: ਸਰੀਰ 'ਤੇ ਇੰਨਾ ਵੱਡਾ ਜ਼ਖ਼ਮ ਹੋਇਆ, ਤੁਸੀਂ ਖੁਦ ਜੀਵਨ ਅਤੇ ਮੌਤ ਦੀ ਲੜਾਈ ਲੜ ਰਹੇ ਸੀ, ਉਸ ਸਮੇਂ ਆਪਣੇ ਜੀਵਨ ਦੀ ਨਹੀਂ ਸਗੋਂ ਸਾਰੇ ਯਾਤਰੀਆਂ ਦੇ ਜੀਵਨ ਦੀ ਪਰਵਾਹ ਕੀਤੀ। ਸਭ ਤੋਂ ਵੱਡੀ ਗੱਲ 140 ਕਰੋੜ ਦੇਸ਼ਵਾਸੀਆਂ ਦਾ ਤੁਸੀਂ ਮਾਣ ਵਧਾਇਆ।

**ਕੈਪਟਨ ਸਮਿਤ-** Thank You Sir.

ਪ੍ਰਧਾਨ ਮੰਤਰੀ: ਭੂਪੇਂਦਰ ਭਾਈ, ਗੀਤਾ ਭੈਣ ਅਤੇ ਸੋਨਲ ਭੈਣ ਨਾਲ ਮੈਂ ਗੱਲਬਾਤ ਕੀਤੀ। ਮੈਂ ਗੀਤਾ ਭੈਣ ਨੂੰ ਕਿਹਾ ਸੀ ਕਿ ਤੁਹਾਡਾ ਨਾਮ ਗੀਤਾ ਹੈ, ਲੇਕਿਨ ਤੁਸੀਂ ਕ੍ਰਿਸ਼ਨ ਦੀ ਗੀਤਾ ਨੂੰ ਪੂਰੀ ਤਰ੍ਹਾਂ ਪਚਾ ਲਿਆ। ਤੁਸੀਂ ਸੱਚਮੁੱਚ ਗੀਤਾ ਦੇ ਸੰਸਕਾਰਾਂ ਨਾਲ ਉਸ ਦਾ ਜੀਵਨ ਬਣਾਇਆ।

**ਕੈਪਟਨ ਸਮਿਤ:** ਬਿਲਕੁਲ ਸਰ।

ਪ੍ਰਧਾਨ ਮੰਤਰੀ: ਸਮਿਤ, ਹੁਣ ਮੈਂ ਤੁਹਾਨੂੰ ਸੁਣਨਾ ਚਾਹਾਂਗਾ ।

**ਕੈਪਟਨ ਸਮਿਤ:** ਸਰ, ਤੁਸੀਂ ਮੇਰੇ ਸਭ ਤੋਂ ਵੱਡੇ ਆਈਡਲ ਹੋ। ਤੁਸੀਂ ਇੰਝ ਕਾਲ ਕਰਕੇ ਮੇਰੀ ਹੌਂਸਲਾ ਅਫ਼ਜ਼ਾਈ ਕਰ ਰਹੇ ਹੋ। ਮੈਨੂੰ ਬਹੁਤ ਮਾਣ ਹੋ ਰਿਹਾ ਹੈ। ਮੈਂ ਉਸ ਸਮੇਂ ਆਪਣੀ ਜ਼ਿੰਦਗੀ ਦੇ ਲਈ ਲੜ ਰਿਹਾ ਸੀ, ਪਰ ਮੈਨੂੰ ਅਹਿਸਾਸ ਹੋਇਆ ਕਿ ਜੇਕਰ ਮੈਂ ਕੁਝ ਨਹੀਂ ਕੀਤਾ, ਕਿਉਂਕਿ ਮੈਂ ਡਿੱਗ ਚੁੱਕਿਆ ਸੀ, ਮੈਨੂੰ ਇੰਨੇ ਜ਼ਖ਼ਮ ਲੱਗ ਚੁੱਕੇ ਸਨ ਕਿ ਮੈਂ ਫਸ ਚੁੱਕਿਆ ਸੀ ਹੇਠਾਂ। ਸਰ ਮੈਂ FZ ਵਿੱਚ 17 ਵਰ੍ਹਿਆਂ ਤੋਂ ਜਹਾਜ਼ ਉਡਾ ਰਿਹਾ ਹਾਂ। ਮੈਂ ਪਿਛਲੇ 11 ਵਰ੍ਹਿਆਂ ਤੋਂ ਕੈਪਟਨ ਹਾਂ। ਅਤੇ ਮੈਨੂੰ ਪਤਾ ਚਲਦਾ ਹੈ, ਅੱਖ ਬੰਦ ਕਰਕੇ ਵੀ ਕਿ ਜਹਾਜ਼ ਵਿੱਚ ਕੀ ਹੋ ਰਿਹਾ ਹੈ। ਜਦੋਂ ਮੈਂ ਹੇਠਾਂ ਡਿੱਗਿਆ ਹੋਇਆ ਸੀ, ਤਦ ਮੈਨੂੰ, ਅਹਿਸਾਸ ਹੋ ਰਿਹਾ ਸੀ ਕਿ ਏਅਰਕ੍ਰਾਫਟ ਹੇਠਾਂ ਜਾ ਰਿਹਾ ਹੈ। ਮੈਨੂੰ ਇਹ ਬਿਲਕੁਲ ਪਤਾ ਸੀ ਕਿ ਇਹ ਇੱਕ ਲਾਸਟ ਪੁਸ਼ ਜੇਕਰ ਕਰ ਦਈਏ, ਦਰਵਾਜ਼ਾ ਬਸ ਓਹੀ ਹੈ ਅਤੇ ਤਦ ਵੀ ਮੈਂ ਮਾਰ ਖਾ ਹੀ ਰਿਹਾ ਸੀ। ਬਸ ਉਹ ਖੋਲ੍ਹ ਦਿੱਤਾ ਸਰ। ਬਾਕੀ ਸਭ ਆ ਗਏ ਅਤੇ ਬਾਕੀ ਸਭ ਦਾ ਵੀ ਓਨਾ ਹੀ ਰੋਲ ਸੀ। ਬਟ ਐਟ ਦਿ ਸੇਮ ਟਾਈਮ ਮੈਨੂੰ ਇੰਨਾ ਵੀ ਪਤਾ ਸੀ ਕਿ ਮੈਂ ਉਨ੍ਹਾਂ ਸਾਰਿਆਂ ਨੂੰ ਨਹੀਂ ਮਰਨ ਦੇ ਸਕਦਾ ਸੀ।

ਮੈਨੂੰ ਇੱਥੇ ਬਹੁਤ ਵਧੀਆ ਕੇਅਰ ਅਤੇ ਮੈਡੀਕਲ ਅਟੈਂਸ਼ਨ ਮਿਲ ਰਿਹਾ ਹੈ। ਸਰ, ਜਦੋਂ ਵੀ ਮੈਨੂੰ ਦਰਦ ਹੁੰਦਾ ਹੈ, ਮੈਂ ਸਿਰਫ਼ ਹਨੂੰਮਾਨ ਚਾਲੀਸਾ ਦਾ ਜਾਪ ਕਰਦਾ ਹਾਂ। ਉਸ ਟਾਈਮ 'ਤੇ ਵੀ ਮੈਂ ਸਿਰਫ਼ ਹਨੂੰਮਾਨ ਚਾਲੀਸਾ ਹੀ ਬੋਲ ਰਿਹਾ ਸੀ ਅਤੇ ਮੈਨੂੰ ਪਤਾ ਹੈ ਕਿ ਪ੍ਰਮਾਤਮਾ ਨੇ ਹੀ ਮੈਨੂੰ ਬਚਾਇਆ ਹੈ। ਬਸ, ਤੁਹਾਡਾ ਇੱਕ ਫੋਨ ਆ ਗਿਆ, ਮੈਨੂੰ ਬਹੁਤ ਹੀ ਮਾਣ ਮਹਿਸੂਸ ਹੋ ਰਿਹਾ ਹੈ। ਸੌਰੀ, ਮੈਂ ਤੁਹਾਡੇ ਸਾਹਮਣੇ ਰੋ ਰਿਹਾ ਹਾਂ ਸਰ।

ਪ੍ਰਧਾਨ ਮੰਤਰੀ: ਸਮਿਤ, ਜੇ ਮੇਰੇ ਸਾਹਮਣੇ ਤੁਸੀਂ ਭਾਵੁਕ ਨਹੀਂ ਹੋਵੋਗੇ, ਤਾਂ ਕਿੱਥੇ ਹੋਵੋਗੇ?

**ਕੈਪਟਨ ਸਮਿਤ:** ਸਰ, ਇਹ ਮੈਂ ਕਦੇ ਨਹੀਂ ਸੋਚਿਆ ਸੀ ਕਿ ਮੇਰੀ ਤੁਹਾਡੇ ਨਾਲ ਗੱਲ ਹੋਵੇਗੀ, ਕਦੇ ਨਹੀਂ ਸੋਚਿਆ ਸੀ।

ਪ੍ਰਧਾਨ ਮੰਤਰੀ: ਤੁਸੀਂ ਇੰਨਾ ਵੱਡਾ ਕੰਮ ਕੀਤਾ ਹੈ ਕਿ ਹਰ ਦੇਸ਼ਵਾਸੀ ਅੱਜ, ਦੁਨੀਆ ਦੇ ਲੋਕ ਵੀ ਤੁਹਾਨੂੰ ਦੇਖਣ ਅਤੇ ਤੁਹਾਡੇ ਨਾਲ ਗੱਲ ਕਰਨ ਦੇ ਲਈ ਉਤਾਵਲੇ ਹਨ। ਤੁਸੀਂ ਜਿਹੜੀ ਗੱਲ ਦੱਸੀ ਹੈ ਹਨੂੰਮਾਨ ਚਾਲੀਸਾ ਦੀ, ਇਸ ਦੇ ਲਈ ਤਾਂ ਮੈਂ ਗੀਤਾ ਭੈਣ ਨੂੰ ਪ੍ਰਣਾਮ ਕਰਾਂਗਾ ਕਿ ਉਨ੍ਹਾਂ ਨੇ ਤੁਹਾਨੂੰ ਅਜਿਹੇ ਸੰਸਕਾਰ ਦਿੱਤੇ।

**ਕੈਪਟਨ ਸਮਿਤ:** ਜੀ ਸਰ। ਮੈਂ ਰੋਜ਼ ਸਵੇਰੇ ਜਦੋਂ ਪੂਜਾ ਕਰਦਾ ਹਾਂ। ਮੇਰਾ ਦੋ ਸਾਲ ਦਾ ਪੁੱਤਰ ਮੇਰੀ ਗੋਦੀ ਵਿੱਚ ਬੈਠ ਕੇ ਮੇਰੇ ਨਾਲ ਹਨੂੰਮਾਨ ਚਾਲੀਸਾ ਸੁਣਦਾ ਹੈ। ਅੱਜ ਅਸੀਂ ਭਾਵੇਂ ਆਪਣੇ ਦੇਸ਼ ਤੋਂ ਦੂਰ ਹਾਂ, ਪਰ ਸਾਨੂੰ ਆਪਣੀ ਸੰਸਕ੍ਰਿਤੀ ਤੋਂ ਦੂਰ ਨਹੀਂ ਹੋਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ: ਬਿਲਕੁਲ ਸਹੀ ਗੱਲ ਹੈ।

**ਕੈਪਟਨ ਸਮਿਤ:** ਇੱਥੇ ਤਾਂ ਬਿਲਕੁਲ ਮਹਿਸੂਸ ਨਹੀਂ ਹੁੰਦਾ ਕਿ ਅਸੀਂ ਆਪਣੇ ਦੇਸ਼ ਤੋਂ ਦੂਰ ਹਾਂ। ਇੱਥੋਂ ਦੇ ਲੋਕ ਬਹੁਤ ਪਿਆਰ ਨਾਲ ਅਤੇ ਬਹੁਤ ਧਿਆਨ ਨਾਲ ਸਾਨੂੰ ਰੱਖ ਰਹੇ ਹਨ।

ਪ੍ਰਧਾਨ ਮੰਤਰੀ: ਤੁਹਾਨੂੰ ਸ਼ਾਇਦ ਪਤਾ ਨਹੀਂ ਹੋਵੇਗਾ, ਸਾਵਰਕੁੰਡਲਾ ਵਿੱਚ ਵੀ, ਵਢਵਾਨ ਵਿੱਚ ਵੀ, ਸਾਰਿਆਂ ਨੇ ਅਜਿਹਾ ਭਾਵੁਕ ਮਾਹੌਲ ਬਣਾ ਦਿੱਤਾ ਹੈ ਅਤੇ ਪੂਰੇ ਹਿੰਦੁਸਤਾਨ ਵਿੱਚ ਵੀ । ਸਾਰੇ ਮੰਦਿਰਾਂ ਵਿੱਚ ਪੂਜਾ, ਪ੍ਰਾਰਥਨਾ ਅਤੇ ਆਰਤੀ ਹੋਈ ਅਤੇ ਸਾਰੇ ਤੁਹਾਡੀ ਲੰਬੀ ਉਮਰ ਅਤੇ ਉੱਤਮ ਸਿਹਤ ਦੇ ਲਈ ਪ੍ਰਾਰਥਨਾ ਕਰ ਰਹੇ ਹਨ। ਭਾਰਤ ਤੁਹਾਡਾ ਸੁਆਗਤ ਕਰਨ ਦੇ ਲਈ ਬਹੁਤ ਉਤਸੁਕ ਹੈ।

ਪ੍ਰਧਾਨ ਮੰਤਰੀ: ਮੈਂ ਸਾਊਦੀ ਅਰਬ ਅਤੇ ਯੂਏਈ (UAE) ਦੀ ਸਰਕਾਰ ਦਾ ਵੀ ਦਿਲੋਂ ਧੰਨਵਾਦ ਪ੍ਰਗਟ ਕਰਦਾ ਹਾਂ ਕਿ ਉਨ੍ਹਾਂ ਨੇ ਤੁਹਾਡੀ ਬਹੁਤ ਕੇਅਰ ਕੀਤੀ ਹੈ। ਸਮਿਤ, ਤੁਹਾਨੂੰ ਜਦੋਂ ਵੀ ਜ਼ਰੂਰਤ ਪਵੇ, ਮੈਂ ਇੱਕ ਫੋਨ ਕਾਲ ਦੀ ਦੂਰੀ 'ਤੇ ਉਪਲਬਧ ਹਾਂ।

**ਕੈਪਟਨ ਸਮਿਤ:** Thank You Sir.

ਪ੍ਰਧਾਨ ਮੰਤਰੀ: ਜਦੋਂ ਮੈਂ ਮਿਲਾਂਗਾ ਤਦ ਅੰਦਰ ਦੀਆਂ ਗੱਲਾਂ ਤਾਂ ਬਾਅਦ ਵਿੱਚ ਸੁਣਾਂਗਾ, ਕਿਉਂਕਿ ਮੈਂ ਨਹੀਂ ਚਾਹੁੰਦਾ ਕਿ ਮੋਬਾਈਲ 'ਤੇ ਅਜਿਹੀਆਂ ਗੱਲਾਂ ਕਰਾਂ ਮੈਂ ਤੁਹਾਡੇ ਨਾਲ ।

**ਕੈਪਟਨ ਸਮਿਤ:** ਠੀਕ ਹੈ ਸਰ।

ਪ੍ਰਧਾਨ ਮੰਤਰੀ: ਤੁਸੀਂ ਵੀ ਪੂਰੀ ਤਰ੍ਹਾਂ ਤੰਦਰੁਸਤ ਹੋ ਜਾਓ, ਪੂਰਾ ਦੇਸ਼ ਤੁਹਾਡੇ ਨਾਲ ਹੈ।

**ਕੈਪਟਨ ਸਮਿਤ:** Thank You Sir.

ਪ੍ਰਧਾਨ ਮੰਤਰੀ: God bless you!





***“ਬੀਤੇ 10-12 ਵਰ੍ਹਿਆਂ ਵਿੱਚ ਮੋਬਾਈਲ ਫੋਨ... ਆਧੁਨਿਕ ਕਮਿਊਨੀਕੇਸ਼ਨ ਦੇ ਮਾਧਿਅਮ ਦੇ ਨਾਲ-ਨਾਲ ਗੁੱਡ ਗਵਰਨੈਂਸ ਦਾ ਵੀ ਇੱਕ ਅਹਿਮ ਟੂਲ ਬਣ ਕੇ ਸਾਹਮਣੇ ਆਇਆ ਹੈ। ਅਤੇ ਇਹ, ਸਾਡੇ ਡਿਜੀਟਲ ਇੰਡੀਆ ਵਿਜ਼ਨ ਦੇ ਕੋਰ ਵਿੱਚ ਰਿਹਾ ਹੈ। – ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

# ਡਿਜੀਟਲ ਕਨੈਕਟੀਵਿਟੀ ਭਵਿੱਖ ਦੀ ਨਵੀਂ ਦਿਸ਼ਾ

*ਬੀਤੇ ਇੱਕ ਦਹਾਕੇ ਵਿੱਚ ਭਾਰਤ ਨੇ ਟੈਲੀਕੌਮ ਅਤੇ ਡਿਜੀਟਲ ਕਨੈਕਟੀਵਿਟੀ ਦੇ ਖੇਤਰਾਂ ਵਿੱਚ ਬੇਮਿਸਾਲ ਵਿਸਥਾਰ ਕੀਤਾ ਹੈ। ਦੂਰ-ਦੁਰਾਡੇ ਦੇ ਖੇਤਰਾਂ ਤੱਕ ਟੈਲੀਕੌਮ ਟਾਵਰ ਅਤੇ ਔਪਟੀਕਲ ਫਾਈਬਰ ਨੈੱਟਵਰਕ ਪਹੁੰਚਣ ਨਾਲ ਡਿਜੀਟਲ ਅਰਥਵਿਵਸਥਾ ਨੂੰ ਨਵੀਂ ਗਤੀ ਮਿਲੀ ਹੈ। ਇਸ ਗਤੀ ਨੂੰ ਹੋਰ ਵਧਾਉਣ ਦੇ ਲਈ ਭਾਰਤ ਅਗਲੇ ਦਹਾਕੇ ਦੀ ਡਿਜੀਟਲ ਅਤੇ ਟੈਲੀਕੌਮ ਯਾਤਰਾ ਦਾ ਰੋਡਮੈਪ ਤਿਆਰ ਕਰ ਰਿਹਾ ਹੈ। ਇੰਡੀਆ ਮੋਬਾਈਲ ਕਾਂਗਰਸ ਦੇ 10ਵੇਂ ਸੰਸਕਰਣ ਦੇ ਉਦਘਾਟਨ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਆਈਐੱਮਸੀ (IMC) ਨੂੰ ਇੱਕ ਅਜਿਹਾ ਪਲੈਟਫੋਰਮ ਬਣਾਉਣਾ ਹੈ, ਜੋ ਤਕਨਾਲੋਜੀ, ਰਿਸਰਚ, ਇੰਡਸਟ੍ਰੀ, ਇਨਵੈਸਟਮੈਂਟ ਅਤੇ ਆਈਡੀਆ ਦਾ ਬਣ ਸਕੇ ਇੱਕ ਜੰਕਸ਼ਨ...*

ਭਾਰਤ ਦੀ ਤਰੱਕੀ ਅਤੇ ਸੁਪਨਿਆਂ ਦਾ ਮੰਚ ਇੰਡੀਆ ਮੋਬਾਈਲ ਕਾਂਗਰਸ 7 ਤੋਂ 10 ਅਕਤੂਬਰ ਤੱਕ ਚਲਿਆ। ਇਸ ਦੇ ਉਦਘਾਟਨ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਬੀਤੇ ਦਹਾਕੇ ਵਿੱਚ ਭਾਰਤ ਦੇ ਟੈਲੀਕੌਮ ਇਨਫ੍ਰਾਸਟ੍ਰਕਚਰ ਦਾ ਨਿਰੰਤਰ ਵਿਸਥਾਰ ਹੋਇਆ ਹੈ। ਰਿਮੋਟ ਏਰੀਆ ਵਿੱਚ ਟਾਵਰ ਲਗਾਏ ਗਏ, ਔਪਟੀਕਲ ਫਾਈਬਰ ਦਾ ਬੇਮਿਸਾਲ ਵਿਸਥਾਰ ਹੋਇਆ ਅਤੇ ਡੇਟਾ ਵੀ ਸਸਤਾ ਹੋਇਆ ਹੈ। ਇਸ ਨਾਲ ਇਕੌਨਮੀ ਦੇ ਨਵੇਂ ਸੈਕਟਰਾਂ ਦਾ ਵੀ ਨਿਰਮਾਣ ਹੋਇਆ ਹੈ। ਇਸ ਨਾਲ ਤਕਨਾਲੋਜੀ, ਐਂਟਰਟੇਨਮੈਂਟ ਅਤੇ ਐਜੂਕੇਸ਼ਨ ਸੈਕਟਰ ਵਿੱਚ ਨਵੇਂ ਕੰਜ਼ਿਊਮਰ ਵੀ ਬਣੇ ਅਤੇ ਨਵੇਂ ਕ੍ਰਿਏਟਰ ਦੀ ਵੀ ਇੱਕ ਨਵੀਂ ਜੈਨਰੇਸ਼ਨ ਤਿਆਰ ਹੋਈ ਹੈ। ਟੈਲੀਕੌਮ ਦੇ ਖੇਤਰ ਵਿੱਚ ਜੋ ਰਿਵੋਲਿਊਸ਼ਨ ਆਈ ਹੈ, ਇਸ ਦਾ ਭਾਰਤ ਦੇ ਨਾਗਰਿਕ ਨੂੰ ਸਿੱਧਾ-ਸਿੱਧਾ ਫਾਇਦਾ ਹੋਇਆ ਹੈ। ਭਾਰਤ, ਭਾਸ਼ਾ ਅਤੇ ਭੂਗੋਲ, ਹਰ ਪ੍ਰਕਾਰ ਨਾਲ ਵਿਭਿੰਨਤਾਵਾਂ ਨਾਲ ਭਰਿਆ ਹੋਇਆ ਦੇਸ਼ ਹੈ। ਮੋਬਾਈਲ ਕਨੈਕਟੀਵਿਟੀ ਨੇ ਇਸ ਵਿਭਿੰਤਾ ਨੂੰ ਵੀ ਸੁਵਿਧਾ ਨਾਲ ਜੋੜਿਆ ਹੈ। ਪਹਿਲਾਂ ਜ਼ਿਆਦਾਤਰ ਬੈਂਕ, ਹਸਪਤਾਲ, ਸਰਕਾਰੀ ਦਫ਼ਤਰ ਬਲੌਕ ਜਾਂ ਜ਼ਿਲ੍ਹਾ ਪੱਧਰ 'ਤੇ ਰਹਿੰਦੇ ਸਨ। ਯਾਨੀ ਕੁਝ ਵੀ ਕੰਮ ਕਰਨਾ ਹੋਵੇ, ਸਰਕਾਰੀ ਸੁਵਿਧਾ ਲੈਣੀ ਹੋਵੇ, ਤਾਂ ਲੋਕਾਂ ਦਾ ਪੈਸਾ ਅਤੇ ਸਮਾਂ ਦੋਵੇਂ ਖ਼ਰਚ ਹੁੰਦੇ ਸਨ। ਡਿਜੀਟਲ ਗਵਰਨੈਂਸ ਨੇ ਇਨ੍ਹਾਂ ਸਥਿਤੀਆਂ ਨੂੰ ਬਦਲਿਆ ਹੈ। ਅੱਜ ਸਰਕਾਰ ਦੀਆਂ ਸੈਂਕੜੇ ਸੁਵਿਧਾਵਾਂ ਮੋਬਾਈਲ ਫੋਨ 'ਤੇ ਹਨ। ਸਰਕਾਰੀ ਮਦਦ ਹੁਣ ਸਿੱਧੇ ਲਾਭਪਾਤਰੀਆਂ ਦੇ ਖਾਤੇ ਵਿੱਚ ਜਾਂਦੀ ਹੈ।

ਕੋਵਿਡ ਦੇ ਦੌਰਾਨ ਸਭ ਕੁਝ ਰੁਕ ਗਿਆ ਸੀ ਲੇਕਿਨ ਭਾਰਤ ਵਿੱਚ ਦਫ਼ਤਰ, ਬੈਂਕ, ਪੜ੍ਹਾਈ ਚਲਦੀ ਰਹੀ। ਇਹ ਭਾਰਤ ਦੇ ਡਿਜੀਟਲ ਈਕੋਸਿਸਟਮ ਦੇ ਕਾਰਨ ਹੋਇਆ। ਮੋਬਾਈਲ ਅਤੇ ਇੰਟਰਨੈੱਟ ਦੀ ਕਨੈਕਟੀਵਿਟੀ ਨੇ ਸਿੱਖਿਆ, ਸਿਹਤ, ਪੇਮੈਂਟ ਅਤੇ ਸਰਕਾਰੀ ਸੇਵਾਵਾਂ ਨੂੰ ਬਿਨਾ ਰੁਕਾਵਟ ਚਾਲੂ ਰੱਖਿਆ। ਔਨਲਾਈਨ

# आईऐंमसी (IMC) 2026 दी थीम "सीमावां तों परे विसथार"

- **क्रिएशन:** भविंख दा निरमाण
- **सम्रिंध:** विकास नूं गती देणा
- **सशकत:** मौकिआं दा विसथार
- **सुरंखिआ:** विशवास नूं मजबूती देणा

**आईऐंमसी (IMC) 2026 दे चार प्रमुंख थंमु**



## 2026 संसकरण विंच शामल 9 प्रमुंख सैकटर

- 5जी अते 6जी
- अगली पीड़ी दे एआई नैंटवरक

सैमीकंडकटर

- नौन-टैरेरीसट्राइल नैंटवरक
- साईबर सुरंखिआ
- कुआंटम कमिउनीकेशन
- उदयोग परिवरतन
- सरकूलर अरथविवसथा
- ईऐंसजी (ESG) तथा इलैकट्रौनिकस मैनूफैकचरिंग



**9वां मोबाईल कांगरस दा फोकस...**

- समारट मोबिलिटी
- सटेडीअम आटोमेशन
- उदयोगिक रोबोटिकस
- ट्रांसपोरट तकनालोजी

## डिजीटल ईकोसिसटम दी तांकत दीआं उदाहरनां:

- पीऐंम किसान सनमान निधी दे तहित 4 लंख करोड़ रुपए तों वंध किसानां दे बैंक अकाउंट विंच ट्रांसफर।
- डीबीटी राहीं लगभग 50 लंख करोड़ रुपए सिंधे लाभपातरीआं दे बैंक अकाउंट विंच पहुंचे।
- इस विवसथा नाल सरकार अरथात आम आदमी दा 5 लंख करोड़ रुपए लीकेज बचिआ।
- भारत विंच 50 करोड़ तों ज़िआदा लोक किसे ना किसे तरूं नाल गेमिंग ईकोसिसटम नाल जुड़े हन।
- 5.5 पंज लंख तों वंध बेस सटेशन भारत विंच हन, जिंथों 5जी नैंटवरक आपरेट कर रिहा है।
- देश विंच मोबाईल इंटरनैंट सपीड 2022 दी तुलना विंच 10 गुना वधी है।

## आईऐंमसी 2026 दीआं ख़ास गॉलां...

**100** तों वंध देशां दे प्रतीनिधी शामल।

**1.5** लंख तों वंध भागीदार शामल।

**900** तों वंध विचारकां दी भागीदारी।

**600** तों वंध सटारटअंपस।

**500** तों वंध सांझेदार अते प्रदरशक।

**120** तों वंध सैशन।

**तकनालोजी दा सिटीजन डिवीडैंड**

**मोबाईल फोन सिरफ़ चैट दा माधिअम नहीं**




ऐजुकेशन दे लई दीकशा पलैटफारम है। कोविड दे दौरान, जुलाई 2022 तंक इस पलैटफारम 'ते 500 करोड़ तों ज़िआदा लरनिंग सैशन अते लगभग 6 हज़ार करोड़ लरनिंग मिंट दरज होऐ। हुण प्रयास है, जिंने वी डिजीटल अते ऑनलाईन सिंखिआ दे माधिअम हन, उन्हां नाल लगभग 25 करोड़ विदिआरथीआं नूं जोड़ सकीऐ। ■

प्रधान मंतरी मोदी दा पूरा प्रोगराम देखण दे लई QR कोड सकैन करो।




**यूनीअन पबलिक सरविस कमिशन (यूपीएँसीसी) दा शताबदी समारोह**

# जन-केंद्रित शासन सुशासन दी पछाण

*विकसित भारत दे लई हुण जिस तरूं दी गवरनैंस देश नूं चाहीदी है, उस दा बहुत वड्डा माधिअम यूनीअन पबलिक सरविस कमिशन अते चुने होऐ सटेट पबलिक सरविस कमिशन हन। इंना ही नहीं, यूपीएँसी ने आपने पहिले 100 वरिआं विच, आपनी भरोसेयोगता नूं निरंतर मज़बूत कीता है। सुतंतरता, निरपखता, योगता, गोपनीअता अते निरपख प्रकिरिआ, इही उस दी पछाण हन। 1 अक्तूबर नूं नवीं दिल्ली दे भारत मंडपम विच आयोजित यूपीएँसी दे शताबदी समारोह विच प्रधान मंतरी नरेंदर मोदी ने भारत दी नवीं कारज संसकृती दे दस्से 3 मंतर- जन केंद्रित सोच, सरगरमी अते सुशासन...*

यूनीअन पबलिक सरविस कमिशन दी जदों 1926 विच नींह रखी गई सी, तां उस समें दीआं तरजीहां वख सन। उस समें, विवसथा दा फोकस अते उस दा समरपण, दोवें ही ब्रिटिश राज दे प्रती सन। देश आज़ाद होइआ तां आज़ाद भारत दे सुपने अते भारत दी विवसथा केंदर विच आई अते बीते दहाकिआं विच यूपीएँसी ने आपणीआं ज़िंमेवारीआं नूं बिहतरीन ढंग नाल निभाइआ। प्रोगराम विच प्रधान मंतरी नरेंदर मोदी ने किहा कि अज दा इह दिन यूपीएँसी दे 100 वरिआं दे उतसव दे नाल ही इक विरासत दा वी उतसव है। इह उतसव उस उमीद दा है, जिस नूं हर वरे लखां जुवा जिउंदे हन। इह उतसव उस विशवास दा है जो हर भारतवासी दा इस संसथा 'ते है। 100 वरिआं दी इस यातरा विच पीड़ीआं बदलीआं, सरकारां बदलीआं, तकनालोजी बदली, सिलेबस बदलिआ, लेकिन यूपीएँसी 'ते भरेसा अज वी ओना ही अटूट है अते इह तुहाडे सारिआं दी बहुत वड्डी पूंजी है।

## साहस, सूझ-बूझ अते फरज़ प्रती वफ़ादारी दी मिसाल

प्रोगराम दे दौरान प्रधान मंतरी नरेंदर मोदी ने फलाईदुबई दी फलाईट FZ1073 विच बहादरी दिखाउण वाले कैपटन समित मॅछार दे जलदी ठीक होण दी कामना कीती। प्रधान मंतरी मोदी ने किहा कि भारत दे कैपटन समित ने जिस तरूं नाल धीरज, सूझ-बूझ अते साहस दा प्रदरशन कीता अते जिवें इज़रायील दे प्रधान मंतरी ने किहा कि इस हिंदुसतानी ने 9/11 होण तों बचा लिआ। हर देशवासी लई समित दा इह बहादरी दा कारनामा सानूं मान नाल भर दिंदा है। उन्हां ने किहा

*ਅਸੀਂ ਅਤੀਤ ਦਾ ਉਹ ਦੌਰ ਦੇਖਿਆ ਹੈ, ਜਦੋਂ ਮੰਨਿਆ ਜਾਂਦਾ ਸੀ ਕਿ ਸਰਕਾਰ ਹੀ ਮਾਈ-ਬਾਪ ਹੈ। ਲੇਕਿਨ ਅੱਜ ਇਹ ਦੌਰ ਹੈ ਕਿ ਜਿਸ ਵਿੱਚ ਸਾਡਾ ਮੰਤਰ ਹੈ, 'ਨਾਗਰਿਕ ਦੇਵੋ ਭਵ:।' ਭਾਵ ਦੇਸ਼ ਦਾ ਨਾਗਰਿਕ ਸਾਡੇ ਲਈ ਕਿਸੇ ਦੇਵ ਤੋਂ ਘੱਟ ਨਹੀਂ ਹੈ। ਸਾਡੇ ਲਈ ਨਾਗਰਿਕ ਦੀ ਸੇਵਾ ਸਰਬਉੱਚ ਹੈ।*

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਪ੍ਰਧਾਨ ਮੰਤਰੀ ਮੋਦੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਯਾਦਗਾਰੀ ਸਿੱਕਾ ਅਤੇ ਡਾਕ ਟਿਕਟ ਜਾਰੀ

- ਯੂਪੀਐੱਸਸੀ ਸ਼ਤਾਬਦੀ ਯਾਦਗਾਰੀ ਸਿੱਕਾ, ਇੱਕ ਸਮਾਰਕ ਡਾਕ ਟਿਕਟ ਅਤੇ 'ਭਾਰਤ ਵਿੱਚ ਯੂਪੀਐੱਸਸੀ ਅਤੇ ਪਬਲਿਕ ਸਰਵਿਸ ਕਮਿਸ਼ਨਾਂ ਦੀਆਂ ਨੀਤੀਆਂ ਨੂੰ ਆਕਾਰ ਦੇਣ ਵਾਲੇ- 100 ਇਤਿਹਾਸਕ ਫ਼ੈਸਲੇ' ਨਾਮਕ ਬੁੱਕ ਨੂੰ ਰੀਲੀਜ਼ ਕੀਤਾ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ ਮੰਡਪਮ ਵਿਖੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ 100 ਵਰ੍ਹਿਆਂ ਦੀ ਯਾਤਰਾ 'ਤੇ ਅਧਾਰਿਤ ਪ੍ਰਦਰਸ਼ਨੀ ਦਾ ਵੀ ਉਦਘਾਟਨ ਕੀਤਾ।
- ਪਿਛਲੇ ਵਰ੍ਹੇ 1 ਅਕਤੂਬਰ ਨੂੰ ਸ਼ੁਰੂ ਹੋਏ ਸਾਲ ਭਰ ਚੱਲਣ ਵਾਲੇ ਸਮਾਰੋਹਾਂ ਦੇ ਸਮਾਪਤੀ ਮੌਕੇ ਅਤੇ 1926 ਵਿੱਚ ਸਥਾਪਿਤ ਯੂਪੀਐੱਸਸੀ ਦੇ 100 ਵਰ੍ਹੇ ਪੂਰੇ ਹੋਣ ਦੇ ਮੌਕੇ ਵਿੱਚ ਇਹ ਪ੍ਰੋਗਰਾਮ ਆਯੋਜਿਤ ਕੀਤਾ ਗਿਆ।
- ਇਸ ਪ੍ਰੋਗਰਾਮ ਵਿੱਚ ਸਟੇਟ ਪਬਲਿਕ ਸਰਵਿਸ ਕਮਿਸ਼ਨਾਂ ਦੇ ਚੇਅਰਮੈਨ ਅਤੇ ਮੈਂਬਰ, ਭਾਰਤ ਸਰਕਾਰ ਦੇ ਸੀਨੀਅਰ ਅਧਿਕਾਰੀ, ਸਿੱਖਿਆ ਸ਼ਾਸਤਰੀ, ਯੂਪੀਐੱਸਸੀ ਅਧਿਕਾਰੀ ਅਤੇ ਦੇਸ਼ ਭਰ ਦੇ ਹੋਰ ਹਿਤਧਾਰਕਾਂ ਦੀ ਭਾਗੀਦਾਰੀ ਦੇਖਣ ਨੂੰ ਮਿਲੀ।
- ਇਹ ਪ੍ਰੋਗਰਾਮ ਯੂਪੀਐੱਸਸੀ ਦੁਆਰਾ 30 ਸਤੰਬਰ ਅਤੇ 1 ਅਕਤੂਬਰ, 2026 ਨੂੰ ਆਯੋਜਿਤ ਕੀਤੇ ਜਾ ਰਹੇ ਦੋ ਦਿਨਾਂ ਪ੍ਰੋਗਰਾਮ ਦਾ ਹਿੱਸਾ ਸੀ।
- ਪਹਿਲੇ ਦਿਨ ਭਾਰਤ ਮੰਡਪਮ ਵਿੱਚ 'ਸ਼ਤਾਬਦੀ ਸਮਾਰੋਹ - ਮੰਥਨ' ਹੋਇਆ, ਜਿਸ ਵਿੱਚ ਪ੍ਰਸਿੱਧ ਬੁਲਾਰਿਆਂ ਦੇ ਸੰਬੋਧਨ ਤੋਂ ਬਾਅਦ ਵੱਖ-ਵੱਖ ਵਿਸ਼ਿਆਂ 'ਤੇ ਪੈਨਲ ਚਰਚਾ ਹੋਈ।

## ਟੈਲੇਂਟ ਦਾ ਬਹੁਤ ਵੱਡਾ ਪੂਲ

**1976**

- 1976 ਵਿੱਚ, ਜਦੋਂ ਯੂਪੀਐੱਸਸੀ ਦੇ 50 ਵਰ੍ਹੇ ਹੋਏ ਸਨ। ਉਸ ਸਮੇਂ ਦੀ ਤੁਲਨਾ ਵਿੱਚ, ਹੁਣ ਪ੍ਰੀਖਿਆ ਦੇਣ ਵਾਲਿਆਂ ਦੀ ਗਿਣਤੀ 45 ਗੁਣਾ ਤੋਂ ਵੱਧ ਦਰਜ ਹੋਈ ਹੈ

**1952**

- 1952 ਵਿੱਚ, ਸਿਵਿਲ ਸਰਵਿਸਿਜ਼ ਵਿੱਚ ਮਹਿਲਾ ਬਿਨੈਕਾਰਾਂ ਦੀ ਗਿਣਤੀ ਸਿਰਫ਼ 3 ਪ੍ਰਤੀਸ਼ਤ ਸੀ। ਅੱਜ ਇਹ 30 ਪ੍ਰਤੀਸ਼ਤ ਤੋਂ ਵੱਧ ਹੋ ਚੁੱਕੀ ਹੈ।

**2014**

- ਯੂਪੀਐੱਸਸੀ ਦੇ ਪੂਰੇ ਇਤਿਹਾਸ ਵਿੱਚ ਚਾਰ ਮਹਿਲਾ ਚੇਅਰਪਰਸਨ ਰਹੀਆਂ ਹਨ। ਉਸ ਵਿੱਚੋਂ 2014 ਤੋਂ ਬਾਅਦ 3 ਬਣੀਆਂ ਹਨ।

ਕਿ ਮੈਂ ਦੇਸ਼ਵਾਸੀਆਂ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਅਸੀਂ ਸਾਰੇ ਸਮਿਤ ਦੀ ਲੰਬੀ ਉਮਰ ਦੇ ਲਈ, ਸਮਿਤ ਦੀ ਉੱਤਮ ਸਿਹਤ ਦੇ ਲਈ ਪ੍ਰਾਰਥਨਾ ਕਰੀਏ ਅਤੇ ਭਾਰਤ ਦੇ ਮਾਣ ਨੂੰ ਵਧਾਉਣ ਵਾਲੇ ਭਾਈ ਸਮਿਤ ਦਾ ਧੰਨਵਾਦ ਕਰੀਏ। ■

**ਪੀਐੱਮ ਜਨਮਨ ਦੇ ਤਿੰਨ ਵਰ੍ਹੇ**

# ਕਬਾਇਲੀ ਭਾਈਚਾਰੇ ਦਾ ਉਥਾਨ...
# ਗੌਰਵ ਗਾਣ ਨਾਲ ਆਉਣ ਵਾਲੀ ਪੀੜ੍ਹੀ ਨੂੰ ਪ੍ਰੇਰਣਾ

*"ਮੇਰੇ ਦੇਸ਼ ਦੀ ਆਉਣ ਵਾਲੀ ਪੀੜ੍ਹੀ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਮੇਰੇ ਆਦਿਵਾਸੀ ਭਰਾ ਜੰਗਲਾਂ ਵਿੱਚ ਰਹੇ, ਪਹਾੜਾਂ ਵਿੱਚ ਰਹੇ, ਪਹਿਨਣ ਦੇ ਲਈ ਕੱਪੜੇ ਨਹੀਂ ਸਨ, ਲੇਕਿਨ ਮਾਂ ਭਾਰਤੀ ਦੀ ਆਜ਼ਾਦੀ ਦੇ ਲਈ ਬਲੀਦਾਨ ਦੇਣ ਵਿੱਚ ਕਦੇ ਪਿੱਛੇ ਨਹੀਂ ਰਹੇ। ਉਨ੍ਹਾਂ ਦਾ ਸਨਮਾਨ ਹੋਣਾ ਚਾਹੀਦਾ ਹੈ, ਉਨ੍ਹਾਂ ਦਾ ਮਾਣ ਹੋਣਾ ਚਾਹੀਦਾ ਹੈ, ਆਉਣ ਵਾਲੀ ਪੀੜ੍ਹੀ ਨੂੰ ਉਨ੍ਹਾਂ ਤੋਂ ਪ੍ਰੇਰਣਾ ਮਿਲਣੀ ਚਾਹੀਦੀ ਹੈ।" ਕਬਾਇਲੀ ਸਮਾਜ ਦੇ ਸਸ਼ਕਤੀਕਰਣ ਦੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਇਸੇ ਸੋਚ ਦਾ ਨਤੀਜਾ ਹੈ ਕਿ 2021 ਤੋਂ 15 ਨਵੰਬਰ ਨੂੰ ਜਨਜਾਤੀਯ ਗੌਰਵ ਦਿਵਸ ਮਨਾਉਣ ਦੀ ਸ਼ੁਰੂਆਤ ਹੋਈ। ਨਾਲ ਹੀ, 75 ਵਿਸ਼ੇਸ਼ ਤੌਰ 'ਤੇ ਕਮਜ਼ੋਰ ਕਬਾਇਲੀ ਸਮੂਹ ਭਾਈਚਾਰਿਆਂ ਦੇ ਉਥਾਨ ਦੇ ਲਈ 2023 ਵਿੱਚ ਸ਼ੁਰੂ ਹੋਇਆ ਪੀਐੱਮ ਜਨਮਨ ਯਾਨੀ ਪ੍ਰਧਾਨ ਮੰਤਰੀ ਜਨਜਾਤੀਯ ਆਦਿਵਾਸੀ ਨਯਾਯ ਮਹਾਭਿਆਨ...*

ਭਾਰਤ ਵਿੱਚ 750 ਕਬਾਇਲੀ ਸਮੂਹ ਹਨ ਜਿਨ੍ਹਾਂ ਦੀ ਆਬਾਦੀ 2011 ਦੀ ਜਨਗਣਨਾ ਦੇ ਹਿਸਾਬ ਨਾਲ 10.45 ਕਰੋੜ ਹੈ। ਇਨ੍ਹਾਂ ਵਿੱਚ 75 ਕਬਾਇਲੀ ਸਮੂਹ ਅਜਿਹੇ ਹਨ ਜੋ ਵਿਸ਼ੇਸ਼ ਤੌਰ 'ਤੇ ਕਮਜ਼ੋਰ ਹਨ। ਕਬਾਇਲੀ ਭਾਈਚਾਰੇ ਦੇ ਉਥਾਨ ਦੇ ਲਈ ਰਾਖਵਾਂਕਰਣ ਤਾਂ ਮਿਲਿਆ ਪਰ ਇਸ ਭਾਈਚਾਰੇ 'ਤੇ ਵਿਸ਼ੇਸ਼ ਧਿਆਨ ਉਦੋਂ ਦਿੱਤਾ ਗਿਆ ਜਦੋਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿੱਚ ਸਰਕਾਰ ਬਣੀ। ਇਸ ਸਮਾਜ ਦੀਆਂ ਇੱਛਾਵਾਂ-ਉਮੀਦਾਂ ਨੂੰ ਸਮਝਣ ਦਾ ਗੰਭੀਰ ਯਤਨ ਹੋਇਆ। ਕਬਾਇਲੀ ਸਮਾਜ ਦੇ ਉਥਾਨ ਅਤੇ ਸਮ੍ਰਿੱਧੀ ਦੇ ਲਈ 1999 ਵਿੱਚ ਇੱਕ ਵੱਖਰਾ ਮੰਤਰਾਲਾ ਬਣਾਉਣ ਦੇ ਨਾਲ ਹੀ 89ਵੇਂ ਸੰਵਿਧਾਨ ਸੋਧ ਦੇ ਜ਼ਰੀਏ ਰਾਸ਼ਟਰੀ ਅਨੁਸੂਚਿਤ ਜਨਜਾਤੀ ਕਮਿਸ਼ਨ ਦੀ ਸਥਾਪਨਾ ਕਰਕੇ ਇਨ੍ਹਾਂ ਦੇ ਹਿੱਤਾਂ ਨੂੰ ਯਕੀਨੀ ਬਣਾਉਣ ਦੀ ਪਹਿਲ ਕੀਤੀ ਗਈ। ਉਸ ਕੜੀ ਨੂੰ ਅੱਗੇ ਵਧਾਉਂਦੇ ਹੋਏ ਬੀਤੇ 12 ਵਰ੍ਹਿਆਂ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਮੌਜੂਦਾ ਸਰਕਾਰ ਨੇ ਕਬਾਇਲੀ ਭਾਈਚਾਰੇ ਦਾ ਗੌਰਵ ਗਾਣ ਸ਼ੁਰੂ ਕੀਤਾ ਤਾਂ ਜੋ ਆਉਣ ਵਾਲੀ ਪੀੜ੍ਹੀ ਇਸ ਭਾਈਚਾਰੇ ਦੇ ਯੋਗਦਾਨ ਨੂੰ ਸਮਝ ਸਕੇ। ਜਨਜਾਤੀਯ ਸੁਤੰਤਰਤਾ ਸੈਨਾਨੀ ਅਤੇ ਬਸਤੀਵਾਦੀ ਵਿਰੋਧੀ ਅੰਦੋਲਨਕਾਰੀ ਬਿਰਸਾ ਮੁੰਡਾ ਦੇ ਜਨਮ ਦਿਨ ਦੇ ਮੌਕੇ 'ਤੇ ਜਨਜਾਤੀਯ ਗੌਰਵ ਦਿਵਸ 15 ਨਵੰਬਰ ਨੂੰ ਮਨਾਇਆ ਜਾਂਦਾ ਹੈ। ਬਿਰਸਾ ਮੁੰਡਾ ਦਾ ਜਨਮ 1874 ਵਿੱਚ ਹੋਇਆ ਸੀ। ਵਰ੍ਹੇ 2024-25 ਨੂੰ ਉਨ੍ਹਾਂ ਦੀ 150ਵੀਂ ਜਯੰਤੀ ਦੇ ਮੌਕੇ 'ਤੇ ਜਨਜਾਤੀਯ ਗੌਰਵ ਵਰ੍ਹੇ ਦੇ ਰੂਪ ਵਿੱਚ ਵੀ ਮਨਾਇਆ ਗਿਆ।

> *ਅਟਲ ਜੀ ਦੀ ਸਰਕਾਰ ਸੀ, ਜਿਸ ਨੇ ਕਬਾਇਲੀ ਸਮਾਜ ਦੇ ਲਈ ਵੱਖਰਾ ਮੰਤਰਾਲਾ ਬਣਾਇਆ, ਅਲੱਗ ਤੋਂ ਬਜਟ ਬਣਾਇਆ। ਸਾਡੀ ਸਰਕਾਰ ਦੇ ਦੌਰਾਨ ਹੁਣ ਕਬਾਇਲੀ ਭਾਈਚਾਰੇ ਦਾ ਬਜਟ, ਪਹਿਲਾਂ ਦੇ ਮੁਕਾਬਲੇ 6 ਗੁਣਾ ਤੱਕ ਵਧ ਚੁੱਕਿਆ ਹੈ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



### ਪੀਐੱਮ ਜਨਮਨ... ਸੁਧਰ ਰਹੀ ਹੈ ਸਮਾਜਿਕ-ਆਰਥਿਕ ਸਥਿਤੀ

ਭਾਰਤ ਸਰਕਾਰ ਨੇ ਕਬਾਇਲੀ ਭਾਈਚਾਰੇ ਦੇ ਲਈ ਪ੍ਰਧਾਨ ਮੰਤਰੀ ਜਨਜਾਤੀਯ ਆਦਿਵਾਸੀ ਨਯਾਯ ਮਹਾਭਿਆਨ (ਪੀਐੱਮ ਜਨਮਨ), ਧਰਤੀ ਆਬਾ ਜਨਜਾਤੀਯ



## ਧਰਤੀ ਆਬਾ ਜਨਜਾਤੀਯ ਗ੍ਰਾਮ ਉਤਕਰਸ਼ ਅਭਿਆਨ ਵਿੱਚ ਉੱਥਾਨ ਦੇ 25 ਉਪਾਅ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2 ਅਕਤੂਬਰ, 2024 ਨੂੰ ਧਰਤੀ ਆਬਾ ਜਨਜਾਤੀਯ ਗ੍ਰਾਮ ਉਤਕਰਸ਼ ਅਭਿਆਨ ਦੀ ਸ਼ੁਰੂਆਤ ਕੀਤੀ ਜਿਸ ਵਿੱਚ 17 ਮੰਤਰਾਲੇ ਕਬਾਇਲੀ ਭਾਈਚਾਰੇ ਨਾਲ ਜੁੜੇ ਪਿੰਡਾਂ ਅਤੇ ਸਮਜਿਕ-ਆਰਥਿਕ ਸਥਿਤੀ ਵਿੱਚ ਕੰਮ ਕਰ ਰਹੇ ਹਨ। ਇਸ ਅਭਿਆਨ ਦਾ ਉਦੇਸ਼ ਅਗਲੇ 5 ਵਰ੍ਹਿਆਂ ਵਿੱਚ 63,843 ਪਿੰਡਾਂ ਵਿੱਚ ਸਿਹਤ, ਸਿੱਖਿਆ, ਆਂਗਣਵਾੜੀ ਸੁਵਿਧਾ ਤੱਕ ਪਹੁੰਚ ਵਿੱਚ ਸੁਧਾਰ ਸਮੇਤ ਇਨਫ੍ਰਾਸਟ੍ਰਕਚਰ ਦੇ ਪਾੜੇ ਨੂੰ ਪੂਰਾ ਕਰਨ ਦੇ ਲਈ 25 ਉਪਾਅ ਕਰਨਾ ਹੈ। ਇਸ ਅਭਿਆਨ ਵਿੱਚ 30 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 549 ਜ਼ਿਲ੍ਹਿਆਂ ਵਿੱਚ ਰਹਿਣ ਵਾਲੀ 5 ਕਰੋੜ ਤੋਂ ਵੱਧ ਆਬਾਦੀ ਲਾਭਵੰਦ ਕਰਦੇ ਹੋਏ ਉਨ੍ਹਾਂ ਨੂੰ ਆਜੀਵਿਕਾ ਦਾ ਮੌਕਾ ਪ੍ਰਦਾਨ ਕਰਨਾ ਹੈ।

**20** ਲੱਖ ਆਵਾਸ ਪੀਐੱਮਏਵਾਈ-ਜੀ ਵਿੱਚ ਦਿੱਤੇ ਜਾਣਗੇ।

**25** ਲੱਖ ਐੱਲਪੀਜੀ ਕਨੈਕਸ਼ਨ ਪੀਐੱਮ ਉੱਜਵਲਾ ਯੋਜਨਾ ਵਿੱਚ।

**25,000** ਕਿਲੋਮੀਟਰ ਸੜਕਾਂ ਬਣਾਈਆਂ ਜਾਣਗੀਆਂ।

**1,000** ਮੈਡੀਕਲ ਮੋਬਾਈਲ ਯੂਨਿਟਾਂ ਦਾ ਲਾਂਚ ਹੋਵੇਗਾ।

- ਹਰ ਘਰ ਨਲ ਯੋਜਨਾ ਨਾਲ ਸੰਤ੍ਰਿਪਤ ਹੋਣਗੇ ਸਾਰੇ ਪਿੰਡ।
- 2,000 ਸੰਸਥਾਨਾਂ ਵਿੱਚ ਪੀਐੱਮ ਸੂਰਯ ਘਰ ਸੋਲਰ ਰੂਫਟੌਪ ।
- 2,000 ਨਵੀਆਂ ਆਂਗਣਵਾੜੀਆਂ ਖੋਲ੍ਹੀਆਂ ਜਾਣਗੀਆਂ ਪੋਸ਼ਣ 2.0 ਵਿੱਚ।
- 1,000 ਹੋਸਟਲ ਸਮ੍ਰਗ ਸ਼ਿਕਸ਼ਾ ਅਭਿਆਨ ਬਣਨਗੇ।
- 1,000 ਵਨ ਧਨ ਵਿਕਾਸ ਕੇਂਦਰ ਅਤੇ 30 ਕੌਸ਼ਲ ਕੇਂਦਰ।
- 700 ਪੋਸ਼ਣ ਵਾਟਿਕਾ। 1,000 ਹੋਮ ਸਟੇਅ।

### ਪੀਐੱਮ ਜਨਮਨ ਵਿੱਚ ਕੀਤੇ ਗਏ ਉਪਾਅ

| ਉਪਾਅ | ਮਨਜ਼ੂਰਸ਼ੁਦਾ ਗਿਣਤੀ |
|---|---|
| ਪੀਐੱਮਏਵਾਈ-ਜੀ ਵਿੱਚ ਆਵਾਸ | **4.82** ਲੱਖ |
| ਪੀਐੱਮਜੀਐੱਸਵਾਈ ਵਿੱਚ ਸੜਕਾਂ | **7992** ਕਿਲੋਮੀਟਰ |
| ਜੇਜੇਐੱਮ ਵਿੱਚ ਸਵੀਕ੍ਰਿਤ ਪਿੰਡ | **18,756** |
| ਮੋਬਾਈਲ ਮੈਡੀਕਲ ਯੂਨਿਟ | **831** |
| ਸਵੀਕ੍ਰਿਤ ਆਂਗਣਵਾੜੀ ਕੇਂਦਰ | **2,498** |
| ਸਰਵ ਸਿਕਸ਼ਾ ਅਭਿਆਨ ਵਿੱਚ ਸਵੀਕ੍ਰਿਤ ਕਾਰਜ | **500** |
| ਬਿਜਲੀਕਰਣ ਦੇ ਲਈ ਸਵੀਕ੍ਰਿਤ ਆਵਾਸ | **1.54** ਲੱਖ |
| ਸੰਚਾਰ ਕਵਰੇਜ ਦੇ ਲਈ ਚੁਣੀ ਗਈ ਬਸਤੀ | **4,347** |
| ਵਿਕਾਸ ਕੇਂਦਰ ਅਤੇ ਬਹੁ-ਮੰਤਵੀ ਕੇਂਦਰ | **1,540** |
| ਵਨ ਧਨ ਵਿਕਾਸ ਕੇਂਦਰ | **500** |

ਗ੍ਰਾਮ ਉਤਕਰਸ਼ ਅਭਿਆਨ (ਡੀਏਜੇਜੀਯੂਏ) ਸਮੇਤ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਹਨ ਜਿਸ ਨਾਲ ਕਬਾਇਲੀ ਭਾਈਚਾਰੇ ਦੀ ਸਮਾਜਿਕ-ਆਰਥਿਕ ਸਥਿਤੀ ਸੁਧਰ ਰਹੀ ਹੈ। ਵਰ੍ਹੇ 2023 ਵਿੱਚ 'ਜਨਜਾਤੀਯ ਗੌਰਵ ਦਿਵਸ' ਦੇ ਦਿਨ ਪ੍ਰਧਾਨ ਮੰਤਰੀ ਦੁਆਰਾ ਸ਼ੁਰੂ ਪੀਐੱਮ-ਜਨਮਨ ਅਭਿਆਨ ਦਾ ਉਦੇਸ਼ ਦੇਸ਼ ਦੇ ਪੀਵੀਟੀਜੀ ਭਾਈਚਾਰਿਆਂ ਦੇ ਲੋਕਾਂ ਦਾ ਵਿਆਪਕ ਵਿਕਾਸ ਕਰਨਾ ਹੈ। ਇਸ ਅਭਿਆਨ ਦੇ ਤਹਿਤ 24 ਹਜ਼ਾਰ ਕਰੋੜ ਰੁਪਏ ਤੋਂ ਵੱਧ ਰਾਸ਼ੀ ਖਰਚ ਕੀਤੀ ਜਾ ਰਹੀ ਹੈ। ਇਸ ਵਿੱਚ ਸੁਰੱਖਿਅਤ ਆਵਾਸ, ਸਵੱਛ ਪੀਣ ਵਾਲਾ ਪਾਣੀ ਅਤੇ ਸਿੱਖਿਆ, ਸਿਹਤ ਅਤੇ ਪੋਸ਼ਣ ਤੱਕ ਬਿਹਤਰ ਪਹੁੰਚ, ਸੜਕ ਅਤੇ ਦੂਰਸੰਚਾਰ ਸੰਪਰਕ, ਅਣ-ਇਲੈਕਟ੍ਰੀਫਾਈਡ ਪਰਿਵਾਰਾਂ ਦੇ ਘਰ ਦਾ ਬਿਜਲੀਕਰਣ ਅਤੇ ਟਿਕਾਊ ਆਜੀਵਿਕਾ ਦੇ ਮੌਕੇ ਉਪਲਬਧ ਕਰਵਾਏ ਜਾ ਰਹੇ ਹਨ। ਇਸ ਯੋਜਨਾ ਦੇ ਤਹਿਤ 9 ਮੰਤਰਾਲੇ ਮਿਲ ਕੇ 11 ਤਰ੍ਹਾਂ ਦੇ ਉਪਾਅ ਪੀਵੀਟੀਜੀ ਭਾਈਚਾਰੇ ਦੀ ਉੱਨਤੀ ਲਈ ਕਰ ਰਹੇ ਹਨ।

### ਮੋਬਾਈਲ ਐਪ ਦੁਆਰਾ ਇਕੱਠੇ ਕੀਤੇ ਗਏ ਅੰਕੜੇ

ਪੀਐੱਮ ਜਨਮਨ ਦੇ ਤਹਿਤ ਕਵਰ ਪਿੰਡਾਂ ਅਤੇ ਬਸਤੀਆਂ ਵਿੱਚ ਰਹਿਣ ਵਾਲੀ ਪੀਵੀਟੀਜੀ ਭਾਈਚਾਰੇ ਦੀ ਜਨਸੰਖਿਆ ਦੇ ਅੰਕੜੇ ਅਤੇ ਇਨਫ੍ਰਾਸਟ੍ਰਕਚਰ ਦੀ ਸਥਿਤੀ ਜੁਟਾਉਣ ਲਈ ਪੀਐੱਮ ਗਤੀਸ਼ਕਤੀ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਕੀਤੀ ਗਈ। ਅੰਕੜੇ ਦੱਸਦੇ ਹਨ ਕਿ 19 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ 12.36 ਲੱਖ ਪੀਵੀਟੀਜੀ ਆਵਾਸ ਹਨ ਜਿਨ੍ਹਾਂ ਵਿੱਚ 48.52 ਲੱਖ ਇਨ੍ਹਾਂ ਦੀ ਆਬਾਦੀ ਹੈ। 75 ਵਿਸ਼ੇਸ਼ ਤੌਰ 'ਤੇ ਕਮਜ਼ੋਰ ਕਬਾਇਲੀ ਸਮੂਹਾਂ (ਪੀਵੀਟੀਜੀ) ਭਾਈਚਾਰੇ ਅਸਲ ਵਿੱਚ ਕਬਾਇਲੀ ਭਾਈਚਾਰੇ ਵਿੱਚ ਵੀ ਅਤਿ ਪਿੱਛੜੇ ਹੋਏ ਹਨ ਜੋ ਸਮਾਜਿਕ, ਆਰਥਿਕ ਅਤੇ ਵਿਦਿਅਕ ਖੇਤਰਾਂ ਵਿੱਚ ਲਗਾਤਾਰ ਅਸੁਰੱਖਿਆ ਨਾਲ ਘਿਰੇ ਰਹੇ ਹਨ। ■



ਬਲੂਮਬਰਗ ਨਿਊ ਇਕੌਨਮੀ ਫੋਰਮ ਵਿੱਚ
ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸੰਬੋਧਨ

# ਪਾਵਰ ਟੂ ਇਮਪਾਵਰ

*ਅਸਲ ਸਵਾਲ ਇਹ ਨਹੀਂ ਹੈ ਕਿ ਤਾਕਤ ਕਿਸ ਦੇ ਕੋਲ ਹੈ, ਸਗੋਂ ਇਹ ਹੈ ਕਿ ਇਸ ਦੀ ਵਰਤੋਂ ਕਿਵੇਂ ਕੀਤੀ ਜਾ ਰਹੀ ਹੈ। ਕੀ ਤਕਨਾਲੋਜੀ ਦਾ ਫਾਇਦਾ ਸਿਰਫ਼ ਕੁਝ ਲੋਕਾਂ ਨੂੰ ਮਿਲੇਗਾ ਜਾਂ ਇਸ ਨਾਲ ਕਰੋੜਾਂ ਲੋਕਾਂ ਦੇ ਲਈ ਨਵੇਂ ਮੌਕੇ ਬਣਨਗੇ? ਕੀ ਗਿਆਨ ਕੁਝ ਲੋਕਾਂ ਤੱਕ ਸੀਮਤ ਰਹੇਗਾ ਜਾਂ ਇਸ ਨਾਲ ਹਰ ਵਿਅਕਤੀ ਦੀ ਸਮਰੱਥਾ ਵਧੇਗੀ? ਇਨ੍ਹਾਂ ਹੀ ਸਵਾਲਾਂ ਦੇ ਜਵਾਬ ਦਿੰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 13 ਅਕਤੂਬਰ ਨੂੰ ਨਵੀਂ ਦਿੱਲੀ ਵਿਖੇ ਬਲੂਮਬਰਗ ਨਿਊ ਇਕੌਨਮੀ ਫੋਰਮ ਵਿੱਚ ਕਿਹਾ –ਅੱਜ ਮੈਂ ਇੱਥੇ ਇੱਕ ਅਜਿਹੇ ਵਿਜ਼ਨ ਦੇ ਨਾਲ ਆਇਆ ਹਾਂ, ਜੋ ਹੈ ਪਾਵਰ ਟੂ ਇਮਪਾਵਰ...*

ਸਾਡੇ ਇੱਥੇ ਕਿਹਾ ਗਿਆ ਹੈ ਕਿ, 'विद्यार्थी विवादाय धनं मदाय, शक्तिः परेषां परि-पीडनाय। खलस्य साधोः विपरीतम् एतत् दानाय च रक्षणाय ।।" ਇਸ ਦਾ ਭਾਵ ਇਹੀ ਹੈ ਕਿ ਗਿਆਨ, ਧਨ ਅਤੇ ਸ਼ਕਤੀ ਜਿਸ ਦੇ ਕੋਲ ਵੀ ਹੋਵੇ, ਉਹ ਇਨ੍ਹਾਂ ਦੀ ਵਰਤੋਂ ਕਿਵੇਂ ਕਰਦਾ ਹੈ, ਉਹ ਮਹੱਤਵਪੂਰਵਨ ਹੈ। ਯਾਨੀ ਪਾਵਰ ਦੀ ਅਸਲੀ ਕੀਮਤ ਉਸ ਦੇ ਉਦੇਸ਼ ਵਿੱਚ ਹੈ ਅਤੇ ਇਸੇ ਸੋਚ ਨੂੰ ਅੱਜ ਦੇ ਦੌਰ ਵਿੱਚ ਸਮਝਣਾ ਬਹੁਤ ਜ਼ਰੂਰੀ ਹੈ। ਆਪਣੇ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਪਾਵਰ ਟੂ ਇਮਪਾਵਰ ਕਰਨ ਵਾਲਾ ਜੋ ਮਨੁੱਖੀ ਭਾਵ ਹੈ, ਇਹ ਸਿਰਫ਼ ਦੂਜਿਆਂ ਨੂੰ ਉਪਦੇਸ਼ ਦੇਣ ਦੇ ਲਈ ਨਹੀਂ ਹੈ। ਇਹ ਹਜ਼ਾਰਾਂ ਵਰ੍ਹਿਆਂ ਦੀ ਸਾਡੀ ਪਰੰਪਰਾ ਨੇ ਸਾਨੂੰ ਸਿਖਾਇਆ ਹੈ। ਭਾਰਤ ਵਿੱਚ ਅਸੀਂ ਇਸ ਨੂੰ ਆਪਣੀ ਗਵਰਨੈਂਸ ਵਿੱਚ, ਆਪਣੇ ਕਾਰਜ- ਸੱਭਿਆਚਾਰ ਵਿੱਚ ਲਾਗੂ ਕਰਕੇ ਦਿਖਾਇਆ ਹੈ।

## ਕਨੈਕਟੀਵਿਟੀ ਨੇ ਮੌਕਿਆਂ ਨੂੰ ਵੀ ਕੀਤਾ ਕਨੈਕਟ

12-13 ਵਰ੍ਹੇ ਪਹਿਲਾਂ ਤੱਕ ਭਾਰਤ ਵਿੱਚ, ਮੋਬਾਈਲ ਅਤੇ ਇੰਟਰਨੈੱਟ ਤੱਕ ਪਹੁੰਚ ਵੀ ਆਪਣੇ ਆਪ ਵਿੱਚ ਇੱਕ ਸ਼ਕਤੀ ਹੋਇਆ ਕਰਦੀ ਸੀ। 2014 ਤੋਂ ਬਾਅਦ, ਜਦੋਂ ਭਾਰਤ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਵਿੱਚ ਸਰਕਾਰ ਬਣੀ ਤਾਂ ਭਾਰਤ ਨੇ ਮੋਬਾਈਲ ਡੇਟਾ ਨੂੰ ਸਸਤਾ ਕਰਨ 'ਤੇ ਜ਼ੋਰ ਦਿੱਤਾ। ਇਸੇ ਦਾ ਨਤੀਜਾ ਹੈ ਕਿ ਅੱਜ ਇੱਕ ਛੋਟੇ ਸ਼ਹਿਰ ਦਾ ਵਿਦਿਆਰਥੀ ਵੀ ਡਿਜੀਟਲ ਲਰਨਿੰਗ ਨਾਲ ਜੁੜ ਰਿਹਾ ਹੈ। ਪਿੰਡ ਦਾ ਇੱਕ ਛੋਟਾ ਦੁਕਾਨਦਾਰ ਵੀ ਨਵੇਂ ਗ੍ਰਾਹਕਾਂ ਤੱਕ ਪਹੁੰਚ ਰਿਹਾ ਹੈ। ਇੱਕ ਯੁਵਾ ਵੀ ਔਨਲਾਈਨ ਨਵੇਂ ਕੋਰਸ ਜੁਆਇਨ ਕਰ ਸਕਦਾ ਹੈ। ਯਾਨੀ ਭਾਰਤ ਵਿੱਚ ਕਨੈਕਟੀਵਿਟੀ ਨੇ ਸਿਰਫ਼ ਲੋਕਾਂ ਨੂੰ ਕਨੈਕਟ ਨਹੀਂ ਕੀਤਾ, ਉਸ ਨੇ ਸੁਨਹਿਰੇ ਮੌਕਿਆਂ ਨੂੰ ਵੀ ਕਨੈਕਟ ਕੀਤਾ ਹੈ। ਇਹੋ ਪਾਵਰ ਟੂ ਇਮਪਾਵਰ ਹੈ।

## ਡਿਜੀਟਲ ਪਾਵਰ ਦੀ ਵੱਡੀ ਭੂਮਿਕਾ

**100** ਤੋਂ ਵੱਧ ਭਾਸ਼ਾਵਾਂ

**1,000+** ਸੈਟੇਲਾਈਟ ਟੀਵੀ ਚੈਨਲ

**80,000** ਰਜਿਸਟਰਡ ਨਿਊਜ਼ਪੇਪਰ

**50+** ਕਰੋੜ ਯੂਟਿਊਬ ਯੂਜ਼ਰਸ

**50** ਕਰੋੜ ਤੋਂ ਵੱਧ ਇੰਸਟਾਗ੍ਰਾਮ ਯੂਜ਼ਰਸ



### ਸਟਾਰਟਅੱਪਸ

**2.50** ਲੱਖ ਤੋਂ ਵੱਧ ਸਟਾਰਟਅੱਪਸ

**45%+** ਸਟਾਰਟਅੱਪਸ ਵਿੱਚ ਘੱਟ ਤੋਂ ਘੱਟ ਇੱਕ ਮਹਿਲਾ ਡਾਇਰੈਕਟਰ

*“ਹਰ ਯੁੱਗ ਵਿੱਚ ਪਾਵਰ ਦੇ ਆਪਣੇ ਸਰੋਤ ਰਹੇ ਹਨ, ਆਪਣੀ ਪਰਿਭਾਸ਼ਾ ਰਹੀ ਹੈ। ਪਰ 21ਵੀਂ ਸਦੀ ਵਿੱਚ, ਖਾਸ ਕਰਕੇ ਇਸ ਤੀਜੇ ਦਹਾਕੇ ਵਿੱਚ, ਇੱਕ ਵੱਡੀ ਤਬਦੀਲੀ ਹੋ ਰਹੀ ਹੈ। ਅੱਜ ਤਕਨਾਲੋਜੀ, ਡੇਟਾ, ਗਿਆਨ ਅਤੇ ਨਵੀਨਤਾ ਹੀ ਸ਼ਕਤੀ ਹਨ।*

*- ਨਰੇਂਦਰ ਮੋਦੀ, ਪ੍ਰਧਾਨ ਮੰਤਰੀ*

**ਇਸ ਵਰ੍ਹੇ ਬਲੂਮਬਰਗ ਇਕੌਨਮੀ ਫੋਰਮ ਦੀ ਥੀਮ ਦੁਨੀਆ ਵਿੱਚ ਉਭਰਦੀ ਨਵੀਂ ਪਾਵਰ ‘ਤੇ ਕੇਂਦ੍ਰਿਤ।**

## ਭਾਰਤ ਨੇ ਦਿੱਤੇ ਹਨ -

- ਅੰਤਰਰਾਸ਼ਟਰੀ ਸੌਰ ਗਠਜੋੜ।
- ਆਪਦਾ ਪ੍ਰਤੀਰੋਧੀ ਬੁਨਿਆਦੀ ਢਾਂਚਾ ਗਠਜੋੜ।
- ਬਿਗ ਕੈਟ ਅਲਾਇੰਸ।
- ਗਲੋਬਲ ਬਾਇਓ ਫਿਊਲ ਅਲਾਇੰਸ।
- ਇੰਡੀਆ ਮਿਡਲ ਈਸਟ ਯੂਰੋਪ ਇਕੌਨਮਿਕ ਕੌਰੀਡੋਰ – ਆਈ –ਮੈਕ।
- ਮਿਸ਼ਨ ਲਾਈਫ – ਲਾਈਫ ਸਟਾਈਲ ਫੋਰ ਇਨਵਾਇਰਮੈਂਟ ਯਾਨੀ ਜਿਸ ਨਾਲ ਸਾਰਿਆਂ ਦਾ ਭਲਾ ਹੋਵੇ।

## ਭਾਰਤ ਇਨ੍ਹਾਂ ਵਿਚਾਰਾਂ ਨੂੰ ਲਿਆਇਆ ਸਾਹਮਣੇ

- ਇੱਕ ਸੂਰਜ, ਇੱਕ ਵਿਸ਼ਵ, ਇੱਕ ਗਰਿੱਡ।
- ਵਨ ਅਰਥ, ਵਨ ਫੈਮਿਲੀ, ਵਨ ਫਿਊਚਰ।
  ਇਨ੍ਹਾਂ ਵਿੱਚ ਵੀ ਪਾਵਰ ਦੀ ਵਰਤੋਂ ਦੂਜਿਆਂ ਨੂੰ ਇਮਪਾਵਰ ਕਰਨ ਦੇ ਲਈ ਹੀ ਹੈ।

## 700+ ਅਰਬ ਡਾਲਰ ਹੈ ਵਿਦੇਸ਼ੀ ਮੁਦਰਾ ਭੰਡਾਰ

- 700 ਅਰਬ ਡਾਲਰ ਤੋਂ ਵੱਧ ਵਿਦੇਸ਼ੀ ਮੁਦਰਾ ਭੰਡਾਰ ਅੱਜ ਭਾਰਤ ਕੋਲ ਹੈ।
- ਇਸ ਵਿੱਤੀ ਵਰ੍ਹੇ ਅਪ੍ਰੈਲ- ਜੂਨ ਕੁਆਟਰ ਵਿੱਚ ਭਾਰਤ ਦੀ ਗ੍ਰੋਥ ਰੇਟ 7.8% ਰਹੀ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਏਸ਼ੀਅਨ ਗੇਮਸ 2026 ਵਿੱਚ ਭਾਰਤ ਦਾ ਸ਼ਾਨਦਾਰ ਪ੍ਰਦਰਸ਼ਨ

# ਸ਼ਾਨਦਾਰ ਸਫ਼ਰ ਯਾਦਗਾਰ ਉਪਲਬਧੀ

*ਜਦੋਂ ਦੇਸ਼ ਦੀ ਟੌਪ ਲੀਡਰਸ਼ਿਪ ਅੱਗੇ ਵਧ ਕੇ ਖੇਡਾਂ ਅਤੇ ਖਿਡਾਰੀਆਂ ਦੀ ਬਿਹਤਰੀ ਦੇ ਲਈ ਸੋਚਦੀ ਹੈ, ਕੰਮ ਕਰਦੀ ਹੈ ਤਾਂ ਨਾ ਸਿਰਫ਼ ਦ੍ਰਿਸ਼ ਬਦਲਦਾ ਹੈ ਸਗੋਂ ਬਿਹਤਰ ਨਤੀਜੇ ਵੀ ਸਾਹਮਣੇ ਆਉਂਦੇ ਹਨ। ਇਹੋ ਕਾਰਨ ਹੈ ਕਿ ਭਾਰਤੀ ਖਿਡਾਰੀਆਂ ਨੇ ਪਿਛਲੇ 12 ਵਰ੍ਹਿਆਂ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਖੇਡਾਂ ਦੇ ਮੰਚ 'ਤੇ ਦੇਸ਼ ਦਾ ਮਾਣ ਵਧਾਇਆ ਹੈ। ਏਸ਼ੀਅਨ ਗੇਮਸ 2026 ਵਿੱਚ ਵੀ ਇਹ ਦੇਖਣ ਨੂੰ ਮਿਲਿਆ ਜਿਸ ਵਿੱਚ 21 ਗੋਲਡ, 27 ਸਿਲਵਰ ਅਤੇ 37 ਬਰੌਂਜ਼ ਦੇ ਨਾਲ ਮੈਡਲ ਟੈਲੀ ਵਿੱਚ ਭਾਰਤ ਨੇ ਹਾਸਲ ਕੀਤਾ ਚੌਥਾ ਸਥਾਨ...*




ਹਰ ਜਿੱਤ ਵਿੱਚ ਤਿਰੰਗਾ, ਹਰ ਮੈਡਲ ਵਿੱਚ ਭਾਰਤ ਦਾ ਮਾਣ ਸ਼ਾਮਲ ਕਰਦੇ ਹੋਏ ਭਾਰਤ ਨੇ ਏਸ਼ੀਅਨ ਗੇਮਸ 2026 ਵਿੱਚ 85 ਮੈਡਲਾਂ ਦੇ ਨਾਲ ਆਪਣਾ ਅਭਿਆਨ ਸਮਾਪਤ ਕੀਤਾ। ਭਾਰਤੀ ਖਿਡਾਰੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਅਤੇ ਇਤਿਹਾਸਕ ਉਪਲਬਧੀਆਂ ਨਾਲ ਸਜਿਆ ਇਹ ਸਫ਼ਰ ਦੇਸ਼ ਦੇ ਲਈ ਯਾਦਗਾਰ ਰਿਹਾ। ਭਾਰਤ ਨੇ ਆਈਚੀ-ਨਾਗੋਯਾ ਖੇਡਾਂ ਵਿੱਚ 21 ਗੋਲਡ, 27 ਸਿਲਵਰ ਅਤੇ 37 ਬਰੌਂਜ਼ ਮੈਡਲਾਂ ਸਮੇਤ 85 ਮੈਡਲਾਂ ਦੇ ਨਾਲ ਚੌਥਾ ਸਥਾਨ ਹਾਸਲ ਕੀਤਾ। ਇਹ ਏਸ਼ੀਅਨ ਗੇਮਸ ਦੇ ਇਤਿਹਾਸ ਵਿੱਚ ਦੇਸ਼ ਦਾ ਦੂਜਾ ਸਭ ਤੋਂ ਵੱਡਾ ਮੈਡਲ ਕਲੈਕਸ਼ਨ ਹੈ। ਸਮਾਪਤੀ ਸਮਾਰੋਹ ਵਿੱਚ ਖਿਡਾਰੀਆਂ ਦੀ ਪਰੇਡ ਅਤੇ ਖੇਡਾਂ ਦੇ ਰਸਮੀ ਸਮਾਪਨ ਸਮੇਤ ਕਈ ਰਵਾਇਤੀ ਪ੍ਰੋਗਰਾਮ ਹੋਏ।।



## ਭਾਰਤ ਨੇ ਐਥਲੈਟਿਕਸ ਵਿੱਚ 24, ਸ਼ੂਟਿੰਗਸ ਵਿੱਚ ਜਿੱਤੇ 15 ਮੈਡਲ

ਭਾਰਤ ਨੇ ਕਈ ਇਤਿਹਾਸਕ ਵਿਅਕਤੀਗਤ ਪ੍ਰਦਰਸ਼ਨ ਵੀ ਕੀਤੇ। ਪ੍ਰਣਵੀ ਉਰਸ ਏਸ਼ੀਅਨ ਗੇਮਸ ਵਿੱਚ ਗੋਲਫ ਵਿੱਚ ਵਿਅਕਤੀਗਤ ਗੋਲਡ ਮੈਡਲ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ, ਨਾਲ ਹੀ 17 ਵਰ੍ਹਿਆਂ ਦੀ ਕੁਮਕੁਮ ਮੋਹਦ ਨੇ ਮਹਾਦੀਪੀ ਈਵੈਂਟ (Continental Event) ਵਿੱਚ ਵਿਅਕਤੀਗਤ ਰਿਕਰਵ ਗੋਲਡ ਮੈਡਲ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਬਣ ਕੇ ਇਤਿਹਾਸ ਰਚ ਦਿੱਤਾ। ਹਾਲਾਂਕਿ, ਲਵਲੀਨਾ ਬੋਰਗੋਹੇਨ ਨੇ ਵੀ ਏਸ਼ੀਅਨ ਗੇਮਸ ਵਿੱਚ ਮੁੱਕੇਬਾਜ਼ੀ ਵਿੱਚ ਗੋਲਡ ਮੈਡਲ ਜਿੱਤਣ ਵਾਲੀ ਮੈਰੀ ਕੌਮ ਤੋਂ ਬਾਅਦ ਦੂਜੀ ਭਾਰਤੀ ਮਹਿਲਾ ਬਣੀ। ਐਥਲੈਟਿਕਸ ਵਿੱਚ ਭਾਰਤ ਨੇ ਸਭ ਤੋਂ ਵੱਧ 24 ਮੈਡਲ ਜਿੱਤੇ, ਜਦਕਿ ਸ਼ੂਟਿੰਗ ਵਿੱਚ 15 ਮੈਡਲ ਸ਼ਾਮਲ ਹਨ। ਤੀਰਅੰਦਾਜ਼ੀ ਗੋਲਡ ਮੈਡਲਾਂ ਦੇ ਮਾਮਲੇ ਵਿੱਚ ਸਭ ਤੋਂ ਸਫਲ ਖੇਡ ਰਿਹਾ, ਜਿਸ ਵਿੱਚ ਪੰਜ ਗੋਲਡ ਮੈਡਲ ਜਿੱਤੇ ਗਏ।





*ਏਸ਼ੀਅਨ ਗੇਮਸ 2026 ਦੀ ਸਮਾਪਤੀ ਦੇ ਮੌਕੇ 'ਤੇ ਮੈਂ ਭਾਰਤੀ ਟੀਮ ਦੇ ਹਰ ਮੈਂਬਰ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਨੇ ਦ੍ਰਿੜ੍ਹ ਇਰਾਦੇ, ਜਨੂੰਨ ਅਤੇ ਜ਼ਿਕਰਯੋਗ ਖੇਡ ਭਾਵਨਾ ਦੇ ਨਾਲ ਸਾਡੇ ਦੇਸ਼ ਦੀ ਪ੍ਰਤੀਨਿਧਤਾ ਕੀਤੀ। ਸਾਡੇ ਸਾਰੇ ਮੈਡਲ ਜੇਤੂਆਂ ਨੂੰ ਵਧਾਈ, ਜਿਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਦੇਸ਼ ਨੂੰ ਅਪਾਰ ਖੁਸ਼ੀ ਦਿੱਤੀ ਹੈ। ਉਮੀਦ ਹੈ ਕਿ ਆਉਣ ਵਾਲੇ ਵਰ੍ਹਿਆਂ ਵਿੱਚ ਇਹ ਖੇਡਾਂ ਹੋਰ ਵੀ ਵੱਡੀਆਂ ਉਪਲਬਧੀਆਂ ਦੇ ਲਈ ਪ੍ਰੇਰਣਾ ਦੇਣਗੀਆਂ। ਨਾਲ ਹੀ ਇਹ ਜ਼ਮੀਨੀ ਪੱਧਰ 'ਤੇ ਖੇਡਾਂ ਨੂੰ ਮਜ਼ਬੂਤ ਬਣਾਉਣ ਵਿੱਚ ਵੀ ਯੋਗਦਾਨ ਦੇਣਗੀਆਂ।*

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਭਾਰਤ ਦੇ ਨਾਮ ਕਈ ਇਤਿਹਾਸਕ ਉਪਲਬਧੀਆਂ

ਜਾਪਾਨ ਵਿੱਚ ਭਾਰਤ ਦੇ ਅਭਿਆਨ ਵਿੱਚ ਕਈ ਇਤਿਹਾਸਕ ਉਪਲਬਧੀਆਂ ਅਤੇ ਵੱਖ-ਵੱਖ ਖੇਡਾਂ ਵਿੱਚ ਸਫਲਤਾਪੂਰਵਕ ਖਿਤਾਬ ਬਚਾਏ ਰੱਖਣ ਦੀਆਂ ਉਪਲਬਧੀਆਂ ਖਾਸ ਰਹੀਆਂ। ਪੁਰਸ਼ ਅਤੇ ਮਹਿਲਾ ਕ੍ਰਿਕੇਟ ਟੀਮਾਂ ਨੇ ਆਪਣੇ ਏਸ਼ਿਆਈ ਖਿਤਾਬ ਬਰਕਰਾਰ ਰੱਖੇ, ਉੱਥੇ ਹੀ ਦੋਵੇਂ ਕਬੱਡੀ ਟੀਮਾਂ ਨੇ ਵੀ ਗੋਲਡ ਮੈਡਲ ਜਿੱਤੇ। ਪੁਰਸ਼ ਹਾਕੀ ਟੀਮ ਨੇ ਮਲੇਸ਼ੀਆ 'ਤੇ 5-1 ਨਾਲ ਜਿੱਤ ਹਾਸਲ ਕਰਕੇ ਆਪਣੇ ਖਿਤਾਬ ਦੀ ਸਫਲਤਾਪੂਰਵਕ ਰੱਖਿਆ ਕੀਤੀ, ਉੱਥੇ ਹੀ ਮਹਿਲਾ ਟੀਮ ਨੇ ਫਾਈਨਲ ਵਿੱਚ ਚੀਨ ਨੂੰ 1-0 ਨਾਲ ਹਰਾ ਕੇ ਏਸ਼ੀਅਨ ਗੇਮਸ ਵਿੱਚ ਗੋਲਡ ਮੈਡਲ ਲਈ 44 ਵਰ੍ਹਿਆਂ ਦਾ ਇੰਤਜ਼ਾਰ ਖ਼ਤਮ ਕੀਤਾ। ■





## ਭਾਰਤੀ ਐਥਲੈਟਿਕਸ ਟੀਮ ਨਾਲ ਪੀਐੱਮ ਮੋਦੀ ਨੇ ਕੀਤੀ ਮੁਲਾਕਾਤ

# ਖਿਡਾਰੀਆਂ ਨੇ ਵਧਾਇਆ ਤਿਰੰਗੇ ਦਾ ਮਾਣ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 15 ਅਕਤੂਬਰ ਦੀ ਸ਼ਾਮ ਨੂੰ ਦਿੱਲੀ ਦੇ ਮੇਜਰ ਧਿਆਨਚੰਦ ਰਾਸ਼ਟਰੀ ਸਟੇਡੀਅਮ ਵਿੱਚ ਏਸ਼ੀਅਨ ਗੇਮਸ 2026 ਵਿੱਚ ਹਿੱਸਾ ਲੈਣ ਵਾਲੀ ਭਾਰਤੀ ਟੀਮ ਦੇ ਨਾਲ ਗੱਲਬਾਤ ਕੀਤੀ। ਇਸ ਮੌਕੇ 'ਤੇ ਉਨ੍ਹਾਂ ਨੇ ਭਾਰਤੀ ਟੀਮ ਨੂੰ ਵੀ ਸੰਬੋਧਨ ਕੀਤਾ। ਪ੍ਰੋਗਰਾਮ ਵਿੱਚ ਭਾਰਤੀ ਟੀਮ ਦੇ ਐਥਲੀਟ, ਉਨ੍ਹਾਂ ਦੇ ਕੋਚ, ਸਹਾਇਕ ਕਰਮਚਾਰੀ, ਭਾਰਤੀ ਓਲੰਪਿਕ ਸੰਘ ਦੇ ਅਧਿਕਾਰੀ, ਰਾਸ਼ਟਰੀ ਖੇਡ ਸੰਘ ਦੇ ਪ੍ਰਤੀਨਿਧੀ ਅਤੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੇ ਅਧਿਕਾਰੀ ਵੀ ਸ਼ਾਮਲ ਹੋਏ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਮਹਿਲਾ ਹਾਕੀ ਦੀ ਟੀਮ ਨੇ ਗੋਲਡ ਜਿੱਤ ਕੇ 44 ਵਰ੍ਹਿਆਂ ਦੇ ਲੰਬੇ ਇੰਤਜ਼ਾਰ ਨੂੰ ਖ਼ਤਮ ਕੀਤਾ ਹੈ। ਕ੍ਰਿਕੇਟ ਵਿੱਚ ਸਾਡੀਆਂ ਦੋਵਾਂ ਟੀਮਾਂ ਨੇ ਲਗਾਤਾਰ ਦੂਜੀ ਵਾਰ ਗੋਲਡ ਮੈਡਲ ਜਿੱਤਿਆ ਹੈ। 28 ਵਰ੍ਹਿਆਂ ਬਾਅਦ ਵੇਟ ਲਿਫਟਿੰਗ ਵਿੱਚ ਦੇਸ਼ ਨੇ ਮੈਡਲ ਜਿੱਤਿਆ। ਮਹਿਲਾ ਖਿਡਾਰੀਆਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਦੇਸ਼ ਨੇ ਕੁੱਲ 85 ਮੈਡਲ ਜਿੱਤੇ ਹਨ, ਜਿਸ ਵਿੱਚ 38 ਮੈਡਲ ਬੇਟੀਆਂ ਨੇ ਜਿੱਤੇ ਹਨ। ਇਹ ਮੈਡਲ ਸਿਰਫ਼ ਇੱਕ ਗਿਣਤੀ ਨਹੀਂ ਸਗੋਂ ਨਵੇਂ ਭਾਰਤ ਦੀ ਇੱਕ ਸਸ਼ਕਤ ਤਸਵੀਰ ਹੈ।

**ਭਾਰਤ ਨੇ ਬੀਤੇ 12 ਵਰ੍ਹਿਆਂ ਵਿੱਚ ਬਹੁਤ ਧੀਰਜ ਅਤੇ ਮਿਹਨਤ ਦੇ ਨਾਲ ਆਪਣੇ ਸਪੋਰਟਸ ਈਕੋਸਿਸਟਮ 'ਤੇ ਕੰਮ ਕੀਤਾ ਹੈ।**

> *"ਤੁਸੀਂ ਸਾਡੇ ਤਿਰੰਗੇ ਦਾ ਮਾਣ ਵਧਾਇਆ ਹੈ ਅਤੇ ਇਸ ਲਈ ਤੁਹਾਡੀ ਸਫਲਤਾ ਸਿਰਫ਼ ਤੁਹਾਡੀ ਨਹੀਂ ਸਗੋਂ ਦੇਸ਼ ਦੇ ਕਰੋੜਾਂ ਨਾਗਰਿਕਾਂ ਦੀ ਸਫਲਤਾ ਹੈ। ਮੈਂ ਸਾਰੇ ਦੇਸ਼ਵਾਸੀਆਂ ਵੱਲੋਂ ਤੁਹਾਨੂੰ ਸਾਰਿਆਂ ਨੂੰ ਵਧਾਈ ਦਿੰਦਾ ਹੈ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



# ਲੱਦਾਖ ਦੀ ਪ੍ਰਗਤੀ ਅਤੇ ਵਿਕਾਸ ਜੁੜ ਰਿਹਾ ਇੱਕ ਹੋਰ ਅਧਿਆਏ

*ਲੱਦਾਖ ਵਿੱਚ ਵਿਕਾਸ ਅਤੇ ਸਸ਼ਕਤੀਕਰਣ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋ ਰਹੀ ਹੈ, ਜਿਸ ਦਾ ਕੇਂਦਰ ਇੱਥੇ ਦੀ ਯੁਵਾ ਪੀੜ੍ਹੀ ਹੈ। ਨੌਜਵਾਨਾਂ ਨੂੰ ਸਥਾਨਕ ਪੱਧਰ 'ਤੇ ਗੁਣਵੱਤਾਪੂਰਨ ਸਿੱਖਿਆ ਅਤੇ ਤਕਨੀਕੀ ਕੌਸ਼ਲ ਉਪਲਬਧ ਕਰਵਾਉਣ ਦੇ ਲਈ ਲੇਹ ਵਿੱਚ 'ਸੈਂਟਰ ਆਫ ਐਕਸੀਲੈਂਸ' ਦੇ ਨਾਲ ਆਈਆਈਟੀ ਅਤੇ ਆਈਆਈਐੱਮ ਜੰਮੂ ਦੇ ਸੈਟੇਲਾਈਟ ਕੈਂਪਸ ਪ੍ਰਸਤਾਵਿਤ ਕੀਤੇ ਜਾ ਰਹੇ ਹਨ। ਵਾਤਾਵਰਣ ਸੰਭਾਲ ਦੇ ਨਾਲ ਆਧੁਨਿਕ ਬੁਨਿਆਦੀ ਢਾਂਚੇ ਨੂੰ ਹੁਲਾਰਾ ਦਿੰਦੇ ਹੋਏ ਨਵੇਂ ਏਅਰਪੋਰਟ ਟਰਮੀਨਲ ਨਾਲ ਟੂਰਿਜ਼ਮ ਨੂੰ ਗਤੀ ਮਿਲੇਗੀ। ਇਸੇ ਲੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 15 ਅਕਤੂਬਰ ਨੂੰ 3350 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ...*

ਹਜ਼ਾਰਾਂ ਕਰੋੜ ਰੁਪਏ ਦੇ ਪ੍ਰੋਜੈਕਟਾਂ ਦੇ ਉਦਘਾਟਨ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਸਰਕਾਰ ਦਾ ਵਿਸ਼ੇਸ਼ ਧਿਆਨ ਲੱਦਾਖ ਦੀ ਨਵੀਂ ਪੀੜ੍ਹੀ 'ਤੇ ਹੈ। ਇੱਥੋਂ ਦੇ ਨੌਜਵਾਨਾਂ ਨੂੰ ਵਧੀਆ ਸਿੱਖਿਆ ਮਿਲੇ, ਨਵੀਂ ਤਕਨਾਲੋਜੀ ਸਿੱਖਣ ਦਾ ਮੌਕਾ ਮਿਲੇ ਅਤੇ ਉਨ੍ਹਾਂ ਨੂੰ ਦੂਜੇ ਸ਼ਹਿਰਾਂ 'ਤੇ ਨਿਰਭਰ ਨਾ ਰਹਿਣਾ ਪਵੇ, ਇਸ ਦੇ ਲਈ ਸਰਕਾਰ ਕੰਮ ਕਰ ਰਹੀ ਹੈ। ਇਹੀ ਕਾਰਨ ਹੈ ਕਿ ਲੇਹ ਵਿੱਚ ਇੱਕ ਵੱਡਾ ਸੈਂਟਰ ਆਫ ਐਕਸੀਲੈਂਸ ਬਣਾਇਆ ਜਾ ਰਿਹਾ ਹੈ। ਜੰਮੂ ਆਈਆਈਟੀ ਅਤੇ ਆਈਆਈਐੱਮ ਦੇ ਸੈਟੇਲਾਈਟ ਕੈਂਪਸ ਸਥਾਪਿਤ ਕਰਨ ਦੇ ਪ੍ਰਸਤਾਵ ਨੂੰ ਵੀ ਅੱਗੇ ਵਧਾਇਆ ਜਾ ਰਿਹਾ ਹੈ। ਇਸ ਨਾਲ ਉੱਚ ਸਿੱਖਿਆ, ਰਿਸਰਚ ਅਤੇ ਨਵੀਂ ਸਕਿੱਲਸ ਦੇ ਲਈ ਲੱਦਾਖ ਦੇ ਨੌਜਵਾਨਾਂ ਨੂੰ ਆਪਣੇ ਖੇਤਰ ਵਿੱਚ ਹੀ ਬਿਹਤਰ ਮੌਕੇ ਮਿਲ ਸਕਣਗੇ।

ਕੇਂਦਰ ਸਰਕਾਰ ਦੀ ਕੋਸ਼ਿਸ਼ ਹੈ ਕਿ ਲੱਦਾਖ ਵਿੱਚ ਆਧੁਨਿਕ ਇਨਫ੍ਰਾਸਟ੍ਰਕਚਰ ਦਾ ਵਿਕਾਸ ਹੋਵੇ ਅਤੇ ਇੱਥੋਂ ਦੇ ਵਾਤਾਵਰਣ ਦਾ ਵੀ ਧਿਆਨ ਰੱਖਿਆ ਜਾਵੇ। ਪ੍ਰਧਾਨ ਮੰਤਰੀ ਮੋਦੀ ਨੇ ਨਿੰਮੂ-ਪਦੁਮ-ਦਾਰਚਾ ਸੜਕ ਲੱਦਾਖ ਨੂੰ ਸਮਰਪਿਤ ਕੀਤਾ। ਇਸ 'ਤੇ ਲਗਭਗ 2,500 ਕਰੋੜ ਰੁਪਏ ਖਰਚ ਕੀਤੇ ਗਏ ਹਨ। ਪਹਿਲਾਂ ਇਸ ਸਫਰ ਵਿੱਚ ਕਰੀਬ 12 ਘੰਟੇ ਲੱਗਦੇ ਸਨ, ਉਹ ਹੁਣ ਲਗਭਗ 3 ਘੰਟਿਆਂ ਵਿੱਚ ਪੂਰਾ ਹੋ ਸਕੇਗਾ। ਇਸ ਨਾਲ ਯਾਤਰਾ ਦਾ ਸਮਾਂ ਵੀ ਬਚੇਗਾ ਅਤੇ ਇਸ ਰੋਡ ਨਾਲ ਵਪਾਰ ਅਤੇ ਕਾਰੋਬਾਰ ਨੂੰ ਵੀ ਮਦਦ ਮਿਲੇਗੀ।

## ਲੱਦਾਖ ਨੂੰ 3,350 ਕਰੋੜ ਰੁਪਏ ਦੇ 5 ਵੱਡੇ ਪ੍ਰੋਜੈਕਟਾਂ ਦੀ ਸੌਗਾਤ

- **ਨਿੰਮੂ-ਪਦੁਮ-ਦਾਰਚਾ ਰੋਡ :** 298 ਕਿਲੋਮੀਟਰ ਰਣਨੀਤਕ ਸੜਕ ਦੇਸ਼ ਨੂੰ ਸਮਰਪਿਤ।
- **ਨਵਾਂ ਏਅਰਪੋਰਟ ਟਰਮੀਨਲ :** ਕੁਸ਼ੋਕ ਬਕੁਲਾ ਰਿਮਪੋਚੀ ਏਅਰਪੋਰਟ 'ਤੇ 640 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ 23,800 ਵਰਗ ਮੀਟਰ ਦਾ ਆਧੁਨਿਕ ਟਰਮੀਨਲ ਸ਼ੁਰੂ (ਸਲਾਨਾ ਸਮਰੱਥਾ : 35 ਲੱਖ ਯਾਤਰੀ)
- **ਬਿਜਲੀ ਅਤੇ ਊਰਜਾ :** 9 ਮੈਗਾਵਾਟ ਦਾ ਹਨੁ ਸਮੌਲ ਹਾਈਡ੍ਰੋ ਪਾਵਰ ਪ੍ਰੋਜੈਕਟ ਅਤੇ 66 ਕਿਲੋਮੀਟਰ ਦੀ ਡਬਲ ਸਰਕਟ ਦਾਹ-ਹਨੁ ਖਾਲਤਸੀ ਟ੍ਰਾਂਸਮਿਸ਼ਨ ਲਾਈਨ ਦਾ ਉਦਘਾਟਨ।
- **ਜਲ ਸੰਚਤ :** 'ਹਿਮ ਸਰੋਵਰ' ਪ੍ਰੋਜੈਕਟ ਦੇ ਤਹਿਤ 40 ਪਿੰਡਾਂ ਵਿੱਚ 40 ਵਾਟਰ ਬੌਡੀਜ਼ ਰਾਸ਼ਟਰ ਨੂੰ ਸਮਰਪਿਤ। ■

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



# ਵਿਰਾਸਤ ਅਤੇ ਭਵਿੱਖ

## ਦੀਆਂ ਉਮੀਦਾਂ ਨਾਲ ਲੈ ਕੇ ਵਧ ਰਿਹਾ ਭਾਰਤ

*ਭਾਰਤ ਭਵਿੱਖ ਦੀਆਂ ਉਮੀਦਾਂ ਅਤੇ ਸੁਪਨਿਆਂ ਦੇ ਨਾਲ-ਨਾਲ ਆਪਣੀ ਵਿਰਾਸਤ ਨੂੰ ਸਹੇਜਦੇ ਹੋਏ ਅੱਗੇ ਵਧ ਰਿਹਾ ਹੈ। ਕਾਸ਼ੀ-ਤਮਿਲ ਸੰਗਮਮ ਸੱਭਿਆਚਾਰ ਨਾਲ ਜੁੜ ਰਿਹਾ ਹੈ ਤਾਂ ਉੱਥੇ ਹੀ ਆਧੁਨਿਕ ਰੇਲਵੇ ਹਾਈਵੇਅ ਨਾਲ ਰਾਜਾਂ ਨੂੰ ਗਤੀ ਮਿਲ ਰਹੀ ਹੈ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਚੇੱਨਈ ਪਹੁੰਚੇ, ਜਿੱਥੋਂ ਤਮਿਲ ਨਾਡੂ ਨੂੰ ਦਿੱਤੀਆਂ 13 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀਆਂ ਸੌਗਾਤਾਂ, ਬ੍ਰੇਨ ਰਿਸਰਚ ਸੈਂਟਰ ਰਾਸ਼ਟਰ ਨੂੰ ਸਮਰਪਿਤ ਕੀਤਾ। ਨਾਲ ਹੀ, ਜੈਗੋਪਾਲ ਗਰੋਡੀਆ ਹਿੰਦੂ ਵਿਦਿਆਲਯ ਮੈਟ੍ਰਿਕੁਲੇਸ਼ਨ ਹਾਇਰ ਸੈਕੰਡਰੀ ਸਕੂਲ ਦੇ ਗੋਲਡਨ ਜੁਬਲੀ ਸਮਾਰੋਹ ਵਿੱਚ ਨੌਜਵਾਨਾਂ ਨੂੰ ਕਿਹਾ ਕਿ ਦੇਸ਼ ਵਿੱਚ ਅਨੰਤ ਸੰਭਾਵਨਾਵਾਂ ਹਨ, ਉਸੇ ਦੇ ਹਿਸਾਬ ਨਾਲ ਵੱਡੇ ਕੈਨਵਾਸ ਵਿੱਚ ਦੇਖੋ ਆਪਣਾ ਭਵਿੱਖ....*

ਭਾਰਤ ਜਾਂ ਦੁਨੀਆ ਦੇ ਕਿਸੇ ਵੀ ਦੇਸ਼ ਦੀ ਤਰੱਕੀ ਦਾ ਸਭ ਤੋਂ ਮਜ਼ਬੂਤ ਥੰਮ੍ਹ ਉੱਥੋਂ ਦਾ ਮਜ਼ਬੂਤ ਇਨਫ੍ਰਾਸਟ੍ਰਕਚਰ ਹੁੰਦਾ ਹੈ। ਯੁਵਾ ਉਸ ਦੇਸ਼ ਦੇ ਭਵਿੱਖ ਦੇ ਸ਼ਿਲਪਕਾਰ ਹੁੰਦੇ ਹਨ। ਇਹੀ ਕਾਰਨ ਹੈ ਕਿ ਭਾਰਤ ਜਿੱਥੇ ਰੇਲ, ਮੈਟਰੋ ਰੇਲ, ਹਾਈਵੇਅ, ਐਕਸਪ੍ਰੈੱਸਵੇਅ ਨਾਲ ਭਵਿੱਖ ਦੀ ਪੀੜ੍ਹੀ ਦੇ ਲਈ ਰਿਕਾਰਡ ਇਨਫ੍ਰਾਸਟ੍ਰਕਚਰ ਤਿਆਰ ਕਰ ਰਿਹਾ ਹੈ, ਨਾਲ ਹੀ ਨੌਜਵਾਨਾਂ ਦੇ ਲਈ ਸਕੂਲ, ਕਾਲਜ, ਯੂਨੀਵਰਸਿਟੀਆਂ, ਇੰਸਟੀਟਿਊਸ਼ਨਜ਼ ਫੋਰ ਹਾਇਰ ਐਜੂਕੇਸ਼ਨ ਐਂਡ ਰਿਸਰਚ ਵੀ ਬਣਾ ਰਿਹਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਚੇੱਨਈ ਦੇ ਪ੍ਰੋਗਰਾਮ ਵਿੱਚ ਸਪਸ਼ਟ ਤੌਰ 'ਤੇ ਕਿਹਾ ਕਿ ਭਾਰਤ ਆਪਣੀ ਸੱਭਿਆਚਾਰਕ ਸ਼ਕਤੀ ਤੋਂ ਪ੍ਰੇਰਣਾ ਲੈਂਦਾ ਹੈ। ਵਿਗਿਆਨ ਦੀ ਤਰੱਕੀ ਨਾਲ ਅੱਗੇ ਵਧਦਾ ਹੈ ਅਤੇ ਆਧੁਨਿਕ ਇਨਫ੍ਰਾਸਟ੍ਰਕਚਰ ਦੇ ਜ਼ਰੀਏ ਨਵੇਂ ਮੌਕਿਆਂ ਦਾ ਨਿਰਮਾਣ ਕਰ ਰਿਹਾ ਹੈ। ਸਾਡੀ ਵਿਰਾਸਤ ਅਤੇ ਭਵਿੱਖ ਦੀਆਂ ਸਾਡੀਆਂ ਉਮੀਦਾਂ ਨਾਲ-ਨਾਲ ਅੱਗੇ ਵਧ ਰਹੀਆਂ ਹਨ।

ਬੀਤੇ ਇੱਕ ਦਹਾਕੇ ਵਿੱਚ, ਭਾਰਤ ਨੇ ਪੂਰੇ ਦੇਸ਼ ਵਿੱਚ ਮੈਟਰੋ ਨੈੱਟਵਰਕ ਦਾ ਬਹੁਤ ਵੱਡਾ ਵਿਸਥਾਰ ਕੀਤਾ ਹੈ। 2014 ਵਿੱਚ ਸਿਰਫ਼ 5 ਸ਼ਹਿਰਾਂ ਵਿੱਚ ਮੈਟਰੋ ਰੇਲ ਸੀਮਤ ਸੀ, ਅੱਜ 25 ਸ਼ਹਿਰਾਂ ਵਿੱਚ ਮੈਟਰੋ ਰੇਲ ਸੇਵਾਵਾਂ ਦੇ ਰਹੀ ਹੈ। ਨੈੱਟਵਰਕ ਵੀ 250 ਕਿਲੋਮੀਟਰ ਤੋਂ ਵਧ ਕੇ 1,100 ਕਿਲੋਮੀਟਰ ਪਹੁੰਚ ਗਿਆ ਹੈ। ਚੇੱਨਈ ਮੈਟਰੋ ਦੇ ਨਵੇਂ ਵਿਸਥਾਰ ਨਾਲ

# ਰਾਜ ਦੇ ਵਿਕਾਸ ਨਾਲ ਰਾਸ਼ਟਰ ਦੇ ਵਿਕਾਸ ਦਾ ਮਜ਼ਬੂਤ ਮੰਤਰ

- ਚੇੱਨਈ ਵਿੱਚ 13,000 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ ਰਾਸ਼ਟਰ ਨੂੰ ਸਮਰਪਿਤ ਕੀਤਾ।
- ਇਹ ਪ੍ਰੋਜੈਕਟਸ ਮੈਟਰੋ ਰੇਲ, ਰਾਜਮਾਰਗ, ਰੇਲਵੇ, ਬੰਦਰਗਾਹ, ਪੈਟਰੋਲੀਅਮ ਅਤੇ ਸਿੱਖਿਆ ਸਮੇਤ ਵੱਖ-ਵੱਖ ਖੇਤਰਾਂ ਨਾਲ ਸਬੰਧਿਤ ਹਨ।
- ਚੇੱਨਈ ਮੈਟਰੋ ਰੇਲ ਪ੍ਰੋਜੈਕਟ ਦੇ ਦੂਜੇ ਪੜਾਅ ਦੇ ਪੂਨਾਮੱਲੀ- ਵਡਾਪਲਾਨੀ ਸੈਕਸ਼ਨ ਦੀ ਸ਼ੁਰੂਆਤ ਕੀਤੀ ਅਤੇ ਮੈਟਰੋ ਟ੍ਰੇਨ ਦੀ ਯਾਤਰਾ ਵੀ ਕੀਤੀ।
- ਤਮਿਲ ਨਾਡੂ ਵਿੱਚ ਲਗਭਗ 3,700 ਕਰੋੜ ਰੁਪਏ ਦੀ ਲਾਗਤ ਵਾਲੇ ਰਾਸ਼ਟਰੀ ਰਾਜਮਾਰਗ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ ਉਦਘਾਟਨ ਕੀਤਾ।
- 750 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਰੇਲਵੇ ਦੇ ਇਨਫ੍ਰਾਸਟ੍ਰਕਚਰ ਪ੍ਰੋਜੈਕਟਸ ਵੀ ਰਾਸ਼ਟਰ ਨੂੰ ਸਮਰਪਿਤ ਕੀਤੇ। ਇਸ ਵਿੱਚ ਕਰਾਇਕਲ-ਪੇਰਾਲਮ ਰੇਲਵੇ ਲਾਈਨ ਸ਼ਾਮਲ ਹੈ।
- ਕੋਇੰਬਟੂਰ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਤਿੰਨ ਰੇਲ ਓਵਰ ਬ੍ਰਿਜ ਰਾਸ਼ਟਰ ਨੂੰ ਸਮਰਪਿਤ, ਪਲਾਨੀ, ਵੈੱਲੋਰ, ਛਾਉਣੀ, ਅੰਬਾਸੁੰਦ੍ਰਮ, ਪਰਮੱਕੁੜੀ ਅਤੇ ਨਾਮੱਕਲ ਸਥਿਤ ਪੰਜ ਅੰਮ੍ਰਿਤ ਸਟੇਸ਼ਨਾਂ ਦਾ ਵੀ ਉਦਘਾਟਨ ਕੀਤਾ।
- ਚੇੱਨਈ, ਕਾਮਰਾਜਾਰ ਅਤੇ ਵੀ.ਓ. ਚਿਦੰਬਰਨਾਰ ਬੰਦਰਗਾਹ ਨਾਲ ਸਬੰਧਿਤ ਪ੍ਰੋਜੈਕਟਾਂ ਦੀ ਸ਼ੁਰੂਆਤ ਅਤੇ ਨੀਂਹ ਪੱਥਰ।
- ਆਈਆਈਟੀ ਮਦਰਾਸ ਸਥਿਤ ਸੁਧਾ ਗੋਪਾਲਕ੍ਰਿਸ਼ਣਨ ਬ੍ਰੇਨ ਸੈਂਟਰ ਰਾਸ਼ਟਰ ਨੂੰ ਸਮਰਪਿਤ ਕਰਨ ਦੇ ਨਾਲ ਹੀ ਇੱਕ ਵਿਲੱਖਣ ਆਲਮੀ ਵਿਗਿਆਨਕ ਮਿਸ਼ਨ ਦਾ ਵੀ ਲਾਂਚ ਕੀਤਾ। ਇਸ ਦਾ ਉਦੇਸ਼ ਭਰੂਣ ਅਵਸਥਾ ਤੋਂ ਲੈ ਕੇ ਬੁਢਾਪੇ ਤੱਕ, ਮਨੁੱਖੀ ਜੀਵਨ ਦੇ ਵੱਖ-ਵੱਖ ਪੜਾਵਾਂ ਵਿੱਚ 100 ਤੋਂ ਵੱਧ ਹਿਊਮਨ ਬ੍ਰੇਨਜ਼ ਦਾ ਸੈਲੂਲਰ ਲੈਵਲ 'ਤੇ ਤ੍ਰਿ-ਆਯਾਮੀ ਮੈਪ ਤਿਆਰ ਕਰਨਾ ਹੈ।



*“25 ਵਰ੍ਹਿਆਂ ਦੇ ਇਸ ਕਾਲਖੰਡ ਵਿੱਚ democracy ਦੀਆਂ ਦੋ ਸ਼ਕਤੀਆਂ ਵਿੱਚ ਮੇਰਾ ਵਿਸ਼ਵਾਸ ਲਗਾਤਾਰ ਮਜ਼ਬੂਤ ਹੋਇਆ ਹੈ। First - People of country! Second- Cooperative federalism! ਮੈਂ ਹਮੇਸ਼ਾ ਰਾਜ ਦੇ ਵਿਕਾਸ ਨਾਲ ਦੇਸ਼ ਦੇ ਵਿਕਾਸ ਦਾ ਮੰਤਰ ਲੈ ਕੇ ਚੱਲਿਆ।*

***– ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

- ਇੱਕ ਸੀ-ਸਟ੍ਰੋਕ ਵੀ ਜਾਰੀ ਕੀਤਾ ਗਿਆ, ਜੋ ਆਪਣੀ ਤਰ੍ਹਾਂ ਦਾ ਪਹਿਲਾ ਹਿਊਮਨ ਇਸਕੈਮਿਕ ਸਟ੍ਰੋਕ ਐਟਲਸ ਹੈ। ਇਸ ਵਿੱਚ ਸਟ੍ਰੋਕ ਨਾਲ ਪ੍ਰਭਾਵਿਤ ਬ੍ਰੇਨ ਦੇ 1,000 ਤੋਂ ਵੱਧ ਮਾਈਕ੍ਰੋ ਸਕੋਪਿਕ ਸੈਕਸ਼ਨਾਂ ਦਾ ਵਿਸਤ੍ਰਿਤ ਵੇਰਵਾ ਸ਼ਾਮਲ ਹੈ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਇਹ ਨੈੱਟਵਰਕ ਹੋਰ ਵਧੇਗਾ। ਅੱਜ ਦੇਸ਼ ਵਿੱਚ ਪੋਰਟ ਇਨਫ੍ਰਾਸਟ੍ਰਕਚਰ ਨੂੰ ਵੀ ਮਜ਼ਬੂਤ ਬਣਾਇਆ ਜਾ ਰਿਹਾ ਹੈ, ਤਾਂ ਜੋ ਸ਼ਿਪਿੰਗ ਸੈਕਟਰ ਨਵੀਆਂ ਉਚਾਈਆਂ ਤੱਕ ਪਹੁੰਚ ਸਕੇ।


ਸਰਕਾਰ ਦੇ ਮੁਖੀਆ ਦੇ ਤੌਰ 'ਤੇ ਆਪਣੇ 25 ਵਰ੍ਹਿਆਂ ਦੇ ਕਾਰਜਕਾਲ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੇ ਦੱਸਿਆ ਕਿ ਰਾਜ ਪੱਧਰ ਦੇ ਕਾਰਜਕਾਲ ਨੇ ਉਨ੍ਹਾਂ ਦੇ ਰਾਸ਼ਟਰੀ ਵਿਜ਼ਨ ਨੂੰ ਆਕਾਰ ਦਿੱਤਾ। ਮੁੱਖ ਮੰਤਰੀ ਦੇ ਤੌਰ 'ਤੇ ਸੇਵਾ ਕਰਨ ਨਾਲ ਉਨ੍ਹਾਂ ਨੂੰ ਰਾਜ –ਪੱਧਰ ਦੀਆਂ ਉਮੀਦਾਂ ਨੂੰ ਸਮਝਣ ਵਿੱਚ ਮਦਦ ਮਿਲੀ। ਇਸ ਲਈ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ, ਨਾ ਸਿਰਫ਼ ਉਨ੍ਹਾਂ ਉਮੀਦਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ, ਸਗੋਂ ਇਹ ਵੀ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਹਰ ਰਾਜ ਆਪਣਾ ਅਕਾਂਖੀ ਟੀਚਾ ਹਾਸਲ ਕਰ ਸਕੇ।

## ਭਾਰਤੀ ਨੌਜਵਾਨਾਂ ਵਿੱਚ ਦੁਨੀਆ ਨੂੰ ਸਮਾਧਾਨ ਦੇਣ ਦੀ ਸਮਰੱਥਾ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਚੇੱਨਈ ਵਿੱਚ ਜੈਗੋਪਾਲ ਗਰੋਡੀਆ ਹਿੰਦੂ ਵਿਦਿਆਲਯ ਮੈਟ੍ਰਿਕੂਲੇਸ਼ਨ ਹਾਇਰ ਸੈਕੰਡਰੀ ਸਕੂਲ ਦੇ ਗੋਲਡਨ ਜੁਬਲੀ ਸਮਾਰੋਹ ਵਿੱਚ ਹਿੱਸਾ ਲਿਆ। ਆਪਣੇ ਆਦਰਸ਼ ਵਾਕ "सा विद्या या विमुक्तये" (ਗਿਆਨ ਜੋ ਮੁਕਤੀ ਦਿਵਾਉਂਦਾ ਹੈ) ਤੋਂ ਪ੍ਰੇਰਿਤ ਇਹ ਵਿਦਿਆਲਯ ਅਜਿਹੇ ਵਿਦਿਆਰਥੀਆਂ ਨੂੰ ਤਿਆਰ ਕਰਨ ਦੀ ਕੋਸ਼ਿਸ਼ ਕਰਦਾ ਹੈ, ਜੋ ਸਮਾਜ ਵਿੱਚ ਸਾਰਥਕ ਯੋਗਦਾਨ ਦੇਣ।




## ਸਿੱਖਿਆ ਇਨਫ੍ਰਾਸਟ੍ਰਕਚਰ ਨੂੰ ਬੀਤੇ ਦਹਾਕੇ ਵਿੱਚ ਮਿਲੀ ਮਜ਼ਬੂਤੀ




- ਕਈ ਨਵੇਂ ਆਈਆਈਟੀਜ਼, ਆਈਆਈਐੱਮਜ਼, ਆਈਆਈਆਈਟੀਜ਼ ਅਤੇ ਏਮਸ ਵੀ ਸਥਾਪਿਤ ਕੀਤੇ ਗਏ ਹਨ।




## 2036 ਵਿੱਚ ਓਲੰਪਿਕ ਮੇਜ਼ਬਾਨੀ ਦਾ ਸੰਕਲਪ

ਦੇਸ਼ ਤੇਜ਼ੀ ਨਾਲ ਖੇਡ ਇਨਫ੍ਰਾਸਟ੍ਰਕਚਰ ਬਣਾ ਰਿਹਾ ਹੈ। ਬਿਹਤਰ ਸਿਖਲਾਈ ਅਤੇ ਸਮਰਥਨ ਦੇ ਰਿਹਾ ਹੈ, ਤਾਂ ਜੋ ਖੇਡਾਂ ਨੂੰ ਸਿਰਫ਼ ਮਨੋਰੰਜਨ ਨਹੀਂ, ਸਗੋਂ ਇੱਕ ਵਧੀਆ ਕਰੀਅਰ ਮੰਨਿਆ ਜਾਵੇ। ਪ੍ਰਧਾਨ ਮੰਤਰੀ ਮੋਦੀ ਨੇ ਨੌਜਵਾਨਾਂ ਨੂੰ ਕਿਹਾ ਕਿ ਦੇਸ਼ 2030 ਕੌਮਨ ਵੈਲਥ ਗੇਮਸ ਦੀ ਮੇਜ਼ਬਾਨੀ ਦੀ ਜ਼ੋਰ-ਸ਼ੋਰ ਨਾਲ ਤਿਆਰੀ ਕਰ ਰਿਹਾ ਹੈ। ਨਾਲ ਹੀ 2036 ਓਲੰਪਿਕ ਦੀ ਮੇਜ਼ਬਾਨੀ ਦੇ ਵੱਡੇ ਸੁਪਨੇ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਵੱਡੇ-ਵੱਡੇ ਗਲੋਬਲ ਸਪੋਰਟਸ ਪ੍ਰੋਗਰਾਮਾਂ ਦੇ ਆਯੋਜਨ ਨਾਲ ਨੌਜਵਾਨਾਂ ਨੂੰ ਇੱਕ ਬਿਹਤਰੀਨ ਮੰਚ, ਸਮਰੱਥਾ ਅਤੇ ਸਰਕਾਰ ਦਾ ਪੂਰਾ ਸਮਰਥਨ ਮਿਲੇਗਾ।



*“ਅੱਜ ਦਾ ਯੁਵਾ ‘ਵਿਕਸਿਤ ਭਾਰਤ’ ਦੇ vision ਦੀ ਤਾਕਤ ਬਣਨਾ ਚਾਹੁੰਦਾ ਹੈ। ਵਿਕਸਿਤ ਭਾਰਤ ਦੇ ਲਈ ਜੋ ਨਵੇਂ ideas ਚਾਹੀਦੇ ਹਨ... ਜੋ ਨਵੇਂ solutions ਚਾਹੀਦੇ ਹਨ... ਉਨ੍ਹਾਂ ਨਾਲ ਭਾਰਤ ਹੀ ਨਹੀਂ, ਵਿਸ਼ਵ ਦਾ ਭਵਿੱਖ ਵੀ ਤੈਅ ਹੋਵੇਗਾ।*

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਅੱਜ ਦੇ ਨੌਜਵਾਨਾਂ ਵਿੱਚ ‘ਵਿਕਸਿਤ ਭਾਰਤ’ ਦੇ ਦ੍ਰਿਸ਼ਟੀਕੋਣ ਦੇ ਪਿੱਛੇ ਪ੍ਰੇਰਕ ਸ਼ਕਤੀ ਬਣਨ ਦੀ ਪ੍ਰਬਲ ਇੱਛਾ ਹੈ। ਇਸ ਰਾਸ਼ਟਰੀ ਟੀਚੇ ਨੂੰ ਹਾਸਲ ਕਰਨ ਦੇ ਲਈ ਜ਼ਰੂਰੀ ਨਵੇਂ ਵਿਚਾਰ ਅਤੇ ਸਮਾਧਾਨ ਆਖਰ ਨਾ ਸਿਰਫ਼ ਦੇਸ਼ ਦੀ ਨੀਅਤੀ ਨੂੰ ਸਗੋਂ ਪੂਰੀ ਦੁਨੀਆ ਦੇ ਭਵਿੱਖ ਨੂੰ ਆਕਾਰ ਦੇਣਗੇ। ਅੱਜ ਦੁਨੀਆ ਸਮਾਧਾਨ ਦੀ ਭਾਲ ਵਿੱਚ ਹੈ। ਨੌਜਵਾਨਾਂ ਵਿੱਚ ਉਨ੍ਹਾਂ ਸਮਾਧਾਨਾਂ ਨੂੰ ਪ੍ਰਦਾਨ ਕਰਨ ਦੀ ਸਮਰੱਥਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਨੌਜਵਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਕਵੀ ਦੇ ਮਸ਼ਹੂਰ ਮੰਤਰ ‘ਅਚਮਿਲ੍ਲਈ, ਅਚਮਿਲ੍ਲਈ’ (ਨਿਡਰ, ਨਿਡਰ) ਨੂੰ ਅਪਣਾਉਣ। ਆਪਣੇ ਵਿਚਾਰਾਂ ਅਤੇ ਸੁਪਨਿਆਂ ਨੂੰ ਪੂਰਾ ਕਰਨ ਦੇ ਲਈ ਪੂਰੇ ਜੋਸ਼ ਦੇ ਨਾਲ ਅੱਗੇ ਵਧੋ। ਵੱਡੇ ਸੁਪਨੇ ਦੇਖੋ, ਵੱਖਰੀ ਤਰ੍ਹਾਂ ਨਾਲ ਸੋਚੋ ਅਤੇ ਨਿਡਰ ਬਣੋ। ।■

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# ਦੇਸ਼ ਦੀ ਪਹਿਲੀ ਮਹਿਲਾ ਏਅਰ ਮਾਰਸ਼ਲ



**ਜਨਮ: 4 ਨਵੰਬਰ 1944**

*ਭਾਰਤੀ ਹਵਾਈ ਸੈਨਾ ਨਾਲ 1968 ਵਿੱਚ ਜੁੜੀ ਡਾ. ਪਦਮਾਵਤੀ ਬੰਦੋਪਾਧਿਆਏ ਨੂੰ ਭਾਰਤ ਦੀ ਪਹਿਲੀ ਮਹਿਲਾ ਏਅਰ ਮਾਰਸ਼ਲ ਬਣਨ ਦਾ ਮਾਣ ਪ੍ਰਾਪਤ ਹੈ। ਲਗਭਗ ਚਾਰ ਦਹਾਕਿਆਂ ਤੱਕ ਭਾਰਤੀ ਹਵਾਈ ਸੈਨਾ ਵਿੱਚ ਸੇਵਾ ਕਰਨ ਵਾਲੀ ਮੈਡੀਕਲ ਸਰਵਿਸਿਜ਼ (ਏਅਰ ਫੋਰਸ) ਦੀ ਰਿਟਾਇਰਡ ਡਾਇਰੈਕਟਰ ਜਨਰਲ ਬੰਦੋਪਾਧਿਆਏ ਨੇ 1971 ਦੇ ਭਾਰਤ-ਪਾਕਿਸਤਾਨ ਯੁੱਧ ਵਿੱਚ ਹਿੱਸਾ ਲਿਆ। ਇਸ ਦੌਰਾਨ ਉਨ੍ਹਾਂ ਦੀ ਸੇਵਾ ਦੇ ਲਈ ਉਨ੍ਹਾਂ ਨੂੰ ਵਿਸ਼ੇਸ਼ ਸੇਵਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇੰਨਾ ਹੀ ਨਹੀਂ, ਉਹ ਉੱਤਰੀ ਧਰੁਵ ਵਿੱਚ ਵਿਗਿਆਨਕ ਖੋਜ ਕਰਨ ਵਾਲੇ ਪਹਿਲੀ ਭਾਰਤੀ ਮਹਿਲਾ ਵੀ ਬਣੇ। ਮਹਿਲਾ ਸਸ਼ਕਤੀਕਰਣ ਦੀ ਪ੍ਰਤੀਕ, ਪਦਮ ਸ਼੍ਰੀ ਨਾਲ ਸਨਮਾਨਿਤ ਪਦਮਾਵਤੀ ਬੰਦੋਪਾਧਿਆਏ ਦੇਸ਼ਵਾਸੀਆਂ ਖ਼ਾਸ ਤੌਰ 'ਤੇ ਬੇਟੀਆਂ ਦੇ ਲਈ ਹਨ ਪ੍ਰੇਰਣਾਸਰੋਤ...*

ਆਂਧਰ ਪ੍ਰਦੇਸ਼ ਦੇ ਤਿਰੁਪਤੀ ਵਿੱਚ 4 ਨਵੰਬਰ 1944 ਨੂੰ ਪੈਦਾ ਹੋਈ ਡਾ. ਪਦਮਾਵਤੀ ਬੰਦੋਪਾਧਿਆਏ ਨੇ ਮਨ ਵਿੱਚ ਬਚਪਨ ਤੋਂ ਹੀ ਡਾਕਟਰ ਬਣਨ ਦੀ ਪ੍ਰੇਰਣਾ ਜਾਗਣ ਲੱਗੀ ਸੀ। ਅਜਿਹੇ ਵਿੱਚ ਜਦੋਂ ਸਮਾਂ ਆਇਆ ਤਾਂ ਉਨ੍ਹਾਂ ਨੇ ਆਰਮਡ ਫੋਰਸਿਸ ਮੈਡੀਕਲ ਕਾਲਜ, ਪੁਣੇ ਵਿੱਚ ਦਾਖਲਾ ਲੈ ਲਿਆ। ਉਨ੍ਹਾਂ ਦਾ ਇੱਕ ਹੋਰ ਸੁਪਨਾ ਅਸਮਾਨ ਦੀਆਂ ਬੁਲੰਦੀਆਂ ਨੂੰ ਛੂਹਣ ਦਾ ਵੀ ਸੀ। ਇਹੀ ਕਾਰਨ ਹੈ ਕਿ 1968 ਵਿੱਚ ਭਾਰਤੀ ਹਵਾਈ ਸੈਨਾ ਵਿੱਚ ਸ਼ਾਮਲ ਹੋ ਗਈ। ਜਿਸ ਦੌਰ ਵਿੱਚ ਉਹ ਹਵਾਈ ਸੈਨਾ ਨਾਲ ਜੁੜੀ ਉਸ ਸਮੇਂ ਸ਼ਾਇਦ ਕਿਸੇ ਮਹਿਲਾ ਦੇ ਮਨ ਵਿੱਚ ਹਵਾਈ ਸੈਨਾ ਦਾ ਨਾਂ ਵੀ ਆਉਂਦਾ ਹੋਵੇਗਾ।

1971 ਦੇ ਯੁੱਧ ਦੌਰਾਨ ਉਹ ਆਪਣੇ ਪਤੀ ਨਾਲ ਸਰਹੱਦ 'ਤੇ ਤੈਨਾਤ ਸਨ। ਉੱਥੇ ਤੈਨਾਤ ਲੋਕਾਂ ਵਿੱਚ ਇਹ ਇਕੱਲੀ ਮਹਿਲਾ ਸਨ ਅਤੇ ਬੰਕਰ ਵਿੱਚ ਰਿਹਾ ਕਰਦੇ ਸਨ। 1971 ਦੇ ਭਾਰਤ-ਪਾਕਿਸਤਾਨ ਯੁੱਧ ਦੌਰਾਨ ਚੰਗੇ ਵਿਵਹਾਰ ਲਈ ਉਨ੍ਹਾਂ ਨੂੰ ਵਿਸ਼ੇਸ਼ ਸੇਵਾ ਮੈਡਲ (ਵੀਐੱਸਐੱਮ) ਨਾਲ ਸਨਮਾਨਿਤ ਕੀਤਾ ਗਿਆ। ਸਾਲ 2002 ਵਿੱਚ ਉਹ ਏਅਰ ਵਾਇਸ ਮਾਰਸ਼ਲ (ਟੂ-ਸਟਾਰ ਰੈਂਕ) ਅਹੁਦੇ 'ਤੇ ਪ੍ਰਮੋਟ ਹੋਣ ਵਾਲੀ ਪਹਿਲੀ ਮਹਿਲਾ ਅਧਿਕਾਰੀ ਬਣੇ। ਇੰਨਾ ਹੀ ਨਹੀਂ, ਉਹ ਏਅਰ ਕੌਮਡੋਰ ਅਹੁਦੇ 'ਤੇ ਵੀ ਪ੍ਰਮੋਟ ਹੋਣ ਵਾਲੀ ਪਹਿਲੀ ਮਹਿਲਾ ਅਧਿਕਾਰੀ ਅਤੇ ਉੱਤਰੀ ਧਰੁਵ 'ਤੇ ਜਾ ਕੇ ਵਿਗਿਆਨਕ ਖੋਜ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਵੀ ਹਨ। ਇਸ ਸਭ ਤੋਂ ਇਲਾਵਾ ਉਨ੍ਹਾਂ ਦੀ ਇੱਕ ਹੋਰ ਉਪਲਬਧੀ ਹੈ ਕਿ ਉਹ ਰੱਖਿਆ ਸੇਵਾ ਸਟਾਫ ਕਾਲਜ ਕੋਰਸ ਪੂਰਾ ਕਰਨ ਵਾਲੀ ਪਹਿਲੀ ਮਹਿਲਾ ਅਧਿਕਾਰੀ ਹਨ।

25 ਜਨਵਰੀ 2020 ਨੂੰ ਪਦਮਾਵਤੀ ਬੰਦੋਪਾਧਿਆਏ ਨੂੰ ਮੈਡੀਕਲ ਖੇਤਰ ਵਿੱਚ ਪਦਮ ਸ਼੍ਰੀ ਸਨਮਾਨ ਦੇਣ ਦਾ ਐਲਾਨ ਕੀਤਾ ਗਿਆ। ਤਤਕਾਲੀ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਇੱਕ ਸਨਮਾਨ ਸਮਾਰੋਹ ਵਿੱਚ ਉਨ੍ਹਾਂ ਨੂੰ ਨਾਗਰਿਕ ਸਨਮਾਨ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ। ਸਨਮਾਨ ਮਿਲਣ 'ਤੇ ਉਨ੍ਹਾਂ ਨੇ ਭਾਰਤ ਸਰਕਾਰ, ਪ੍ਰਧਾਨ ਮੰਤਰੀ ਸਮੇਤ ਗ੍ਰਹਿ ਮੰਤਰੀ ਦਾ ਧੰਨਵਾਦ ਕੀਤਾ ਸੀ। ਉਨ੍ਹਾਂ ਨੇ ਦੱਸਿਆ ਕਿ ਉਹ ਪੱਛਮੀ ਉੱਤਰ ਪ੍ਰਦੇਸ਼ ਵਿੱਚ ਹੁਣ ਵੀ ਟੈਲੀਮੈਡੀਸਨ ਰਾਹੀਂ ਮਰੀਜ਼ਾਂ ਦੀ ਸੇਵਾ ਕਰ ਰਹੇ ਹਨ। ਉਹ ਇਹ ਕੰਮ ਕਰੀਬ 12 ਵਰ੍ਹਿਆਂ ਤੋਂ ਕਰ ਰਹੇ ਸੀ। ਹਫਤੇ ਵਿੱਚ 3 ਦਿਨ ਇਹ ਉਹ ਕੰਮ ਕਰਦੇ ਸਨ ਅਤੇ 80-100 ਮਰੀਜ਼ਾਂ ਨੂੰ ਦੇਖਦੇ ਸਨ। ਨਾਲ ਹੀ ਉਹ ਘਰ ਵਿੱਚ ਸ਼ਨੀਵਾਰ-ਐਤਵਾਰ ਨੂੰ ਗ਼ਰੀਬ ਬੱਚਿਆਂ ਨੂੰ ਵਿਗਿਆਨ ਅਤੇ ਗਣਿਤ ਪੜ੍ਹਾਉਣ ਦਾ ਕੰਮ ਕਰਦੇ ਸਨ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਦੇ ਅਸ਼ੀਰਵਾਦ ਨਾਲ ਹੀ ਉਨ੍ਹਾਂ ਨੂੰ ਪਦਮ ਸ਼੍ਰੀ ਵਰਗਾ ਸਨਮਾਨ ਮਿਲਿਆ ਹੈ।

# ਅਲਵਿਦਾ

## ਨਾਨਾ ਪਾਟੇਕਰ

*ਤਿਰੰਗੇ ਦੀ ਆਨ-ਬਾਨ ਅਤੇ ਸ਼ਾਨ ਲਈ ਆਪਣਾ ਜੀਵਨ ਸਮਰਪਿਤ ਕਰਨ ਵਾਲੇ ਬਿਹਤਰੀਨ ਕਲਾਕਾਰ ਨਾਨਾ ਪਾਟੇਕਰ ਦਾ 8 ਅਕਤੂਬਰ ਨੂੰ ਦੇਹਾਂਤ ਹੋ ਗਿਆ। ਵੱਖ-ਵੱਖ ਕਿਰਦਾਰਾਂ ਰਾਹੀਂ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਨਾਨਾ ਕਦੇ ਬੰਧਨਾਂ ਵਿੱਚ ਨਹੀਂ ਰਹੇ ਸਗੋਂ ਹਮੇਸ਼ਾ ਪਰਿੰਦੇ ਦੀ ਤਰ੍ਹਾਂ ਫਿਲਮਾਂ ਦੇ ਅਸਮਾਨ ਵਿੱਚ ਉੱਡਦੇ ਰਹੇ। ਨਾਲ ਹੀ ਉਨ੍ਹਾਂ ਨੇ ਆਪਣੀਆਂ ਫਿਲਮਾਂ ਰਾਹੀਂ ਸਮਾਜ ਵਿੱਚ ਫੈਲੀ ਅਰਾਜਕਤਾ 'ਤੇ ਤਿੱਖੇ ਹਮਲੇ ਵੀ ਕੀਤੇ। ਉਨ੍ਹਾਂ ਦੇ ਦੇਹਾਂਤ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਫਿਲਮ ਜਗਤ ਦੇ ਸਾਰੇ ਦਿੱਗਜਾਂ ਸਮੇਤ ਸਮਾਜ ਦੇ ਕਈ ਪਤਵੰਤਿਆਂ ਨੇ ਦਿੱਤੀ ਸ਼ਰਧਾਂਜਲੀ...*



**ਜਨਮ: 1 ਜਨਵਰੀ 1951,**
**ਦੇਹਾਂਤ: 8 ਅਕਤੂਬਰ 2026**

ਹਿੰਦੀ ਅਤੇ ਮਰਾਠੀ ਸਿਨੇਮਾ ਦੇ ਪ੍ਰਸਿੱਧ ਕਲਾਕਾਰਾਂ ਵਿੱਚ ਸ਼ਾਮਲ ਨਾਨਾ ਪਾਟੇਕਰ ਨੇ ਕਈ ਦਹਾਕਿਆਂ ਦੇ ਫਿਲਮੀ ਕਰੀਅਰ ਵਿੱਚ ਵੱਖ-ਵੱਖ ਭੂਮਿਕਾਵਾਂ ਰਾਹੀਂ ਆਪਣੀ ਵੱਖਰੀ ਪਛਾਣ ਬਣਾਈ ਅਤੇ ਸਮਾਜ 'ਤੇ ਅਮਿਟ ਛਾਪ ਛੱਡੀ। ਉਹ ਇੱਕ ਅਜਿਹੇ ਕ੍ਰਾਂਤੀਕਾਰੀ ਸਨ, ਜਿਨ੍ਹਾਂ ਨੇ ਬੁਰਾਈਆਂ ਦੇ ਵਿਰੁੱਧ ਕੰਮ ਕੀਤਾ। ਉਨ੍ਹਾਂ ਦੀ ਬਾਣੀ ਜਿੰਨੀ ਤੇਜ਼ ਸੀ, ਉਨ੍ਹਾਂ ਦੀ ਖਾਮੋਸ਼ੀ ਵੀ ਓਨੀ ਹੀ ਪ੍ਰਭਾਵਸ਼ਾਲੀ ਸੀ। ਉਹ ਦੇਸ਼ ਵਿਰੋਧੀਆਂ 'ਤੇ ਲਗਾਤਾਰ ਰੋਕ ਦੇ ਸਮਰਥਕ ਸਨ। ਉਨ੍ਹਾਂ ਨੂੰ ਪਰਿੰਦਾ, ਕ੍ਰਾਂਤੀਵੀਰ, ਅਬ ਤਕ ਛੱਪਨ ਅਤੇ ਵੈਲਕਮ ਵਰਗੀਆਂ ਫਿਲਮਾਂ ਵਿੱਚ ਅਦਾਕਾਰੀ ਲਈ ਵਿਆਪਕ ਪਛਾਣ ਮਿਲੀ। ਉਨ੍ਹਾਂ ਨੂੰ ਭਾਰਤ ਸਰਕਾਰ ਨੇ ਪਦਮ ਸ਼੍ਰੀ ਨਾਲ ਵੀ ਸਨਮਾਨਿਤ ਕੀਤਾ ਸੀ।

ਨਾਨਾ ਪਾਟੇਕਰ ਦੀਆਂ ਰਗਾਂ ਵਿੱਚ ਦੇਸ਼ ਸੇਵਾ ਦਾ ਜਨੂੰਨ ਇਸ ਤਰ੍ਹਾਂ ਸੀ ਕਿ ਉਨ੍ਹਾਂ ਨੇ ਆਪਣੀ ਫਿਲਮ 'ਪ੍ਰਹਾਰ' ਦੇ ਨਿਰਦੇਸ਼ਨ ਅਤੇ ਕਿਰਦਾਰ ਲਈ ਟੈਰੀਟੋਰੀਅਲ ਆਰਮੀ ਵਿੱਚ 3 ਵਰ੍ਹਿਆਂ ਦੀ ਸਖਤ ਮਿਲਟਰੀ ਟ੍ਰੇਨਿੰਗ ਲਈ ਸੀ। ਉਨ੍ਹਾਂ ਨੂੰ ਸੈਨਾ ਵਿੱਚ ਕੈਪਟਨ (ਅਤੇ ਬਾਅਦ ਵਿੱਚ ਮੇਜਰ) ਦਾ ਰੈਂਕ ਮਿਲਿਆ ਸੀ। ਸਭ ਤੋਂ ਦਿਲਚਸਪ ਗੱਲ ਇਹ ਹੈ ਕਿ 1999 ਵਿੱਚ ਕਾਰਗਿਲ ਯੁੱਧ ਦੌਰਾਨ, ਉਹ ਇੱਕ ਕਵਿੱਕ ਰਿਐਕਸ਼ਨ ਟੀਮ ਦਾ ਹਿੱਸਾ ਬਣ ਕੇ ਮੋਹਰੀ ਮੋਰਚੇ 'ਤੇ 'ਮਰਾਠਾ ਲਾਇਟ ਇਨਫੈਂਟ੍ਰੀ' ਰੈਜ਼ੀਮੈਂਟ ਦੇ ਨਾਲ ਦੇਸ਼ ਦੀ ਸੇਵਾ ਕਰਨ ਪਹੁੰਚੇ ਸਨ।

> *"ਬਹੁਤ ਘੱਟ ਕਲਾਕਾਰਾਂ ਵਿੱਚ ਉਹ ਡੂੰਘਾਈ, ਵਿਸ਼ੇਸ਼ਤਾ ਅਤੇ ਦਮਦਾਰ ਮੌਜੂਦਗੀ ਹੁੰਦੀ ਹੈ, ਜੋ ਨਾਨਾ ਪਾਟੇਕਰ ਜੀ ਵਿੱਚ ਸੀ। ਉਨ੍ਹਾਂ ਨੇ ਹਰ ਭੂਮਿਕਾ ਵਿੱਚ ਬਹੁਮੁਖੀ ਪ੍ਰਤਿਭਾ ਅਤੇ ਰਚਨਾਤਮਕਤਾ ਦਾ ਪਰੀਚੈ ਦਿੱਤਾ ਅਤੇ ਸਾਨੂੰ ਅਜਿਹੇ ਕਿਰਦਾਰ ਦਿੱਤੇ ਜਿਨ੍ਹਾਂ ਨੂੰ ਪੀੜ੍ਹੀਆਂ ਯਾਦ ਰੱਖਣਗੀਆਂ। ਉਨ੍ਹਾਂ ਦੀ ਉਨ੍ਹਾਂ ਦੇ ਸਪਸ਼ਟ ਅਤੇ ਬੇਬਾਕ ਵਿਚਾਰਾਂ ਲਈ ਵੀ ਸ਼ਲਾਘਾ ਕੀਤੀ ਜਾਂਦੀ ਸੀ। ਉਹ ਆਪਣੀ ਗੱਲ ਕਹਿਣ ਵਿੱਚ ਕਦੇ ਝਿਜਕਦੇ ਨਹੀਂ ਸਨ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

> *"ਭਾਰਤੀ ਸਿਨੇਮਾ ਦੇ ਮਹਾਨ ਕਲਾਕਾਰ ਨਾਨਾ ਪਾਟੇਕਰ ਜੀ ਦਾ ਦੇਹਾਂਤ ਕਲਾ ਜਗਤ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ।*
>
> **– ਅਮਿਤ ਸ਼ਾਹ, ਕੇਂਦਰੀ ਗ੍ਰਹਿ ਮੰਤਰੀ**



**Narendra Modi**
@narendramodi


25 वर्षों का जनविश्वास मेरे लिए और अधिक ऊर्जा के साथ काम करने की प्रेरणाशक्ति है। ईश्वररूपी जनता-जनार्दन के लिए मेरा एक ही संकल्प है कि मैं देशवासियों की और अधिक सेवा करूं।

Gratitude to everyone for their blessings and wishes. What greater strength can there be than the trust and affection of 140 crore Indians?



**Rajnath Singh**
@rajnathsingh

देश की सुरक्षा के लिए हमारी Defence Industry की Surge Capacity और Production Capacity का मजबूत होना जरूरी है। हमारी प्रतिभा, युवा शक्ति और Policy Support हमारी ताकत हैं। सरकार हमेशा Defence Industry के साथ खड़ी है, ताकि जरूरत पड़ने पर उत्पादन तेजी से बढ़ाया जा सके और देश हर चुनौती के लिए तैयार रहे।



**Amit Shah** @AmitShah

मोदी सरकार में सहकारिता ग्रामीण अर्थव्यवस्था व महिला सशक्तीकरण का सशक्त माध्यम बन रही है। चाहे श्वेत क्रांति 2.0 की शुरुआत हो या PACS को बहुउद्देश्यीय बना डेयरी से जोड़ना हो, सहकारिता का सबसे बड़ा लाभ सहकारी डेयरी क्षेत्र को मिल रहा है।

आज भोपाल में आयोजित राज्य स्तरीय गोपालक सम्मेलन में प्रदेशभर से आए पशुपालकों से संवाद किया। इस अवसर पर गोपालक दीदियों का सम्मान किया, डॉ. भीमराव अंबेडकर कामधेनु योजना के तहत लाभ वितरित किए तथा मोरवन प्रोजेक्ट के अंतर्गत नगर वन विकसित करने के लिए KRIBHCO एवं मध्य प्रदेश राज्य जैवविविधता बोर्ड के बीच MOU भी हुआ।



**Nitin Gadkari** @nitin_gadkari

हवा में उडनेवाली बस.. (Skybus), यह सिर्फ एक नई Transport Technology नहीं...

यह उस 🇮🇳 भारत की कल्पना है,
जहां Innovation का उद्देश्य सिर्फ गति नहीं, बल्कि जनसेवा, सुविधा और बेहतर भविष्य है।

नई सोच।
नई तकनीक।
नई ऊँचाई।
और गतिशील 🇮🇳भारत का भविष्य - SKY BUS



**Kiren Rijiju** @KirenRijiju ·

SIR प्रक्रिया में 13 करोड़ वोटर कटने का दावा भ्रामक है!
प्रक्रिया के दौरान करीब 13 करोड़ नाम ड्राफ्ट स्तर पर मृत, अनुपस्थित/अप्राप्य, स्थायी रूप से स्थानांतरित या दोहरी प्रविष्टि जैसी श्रेणियों में चिह्नित किए गए हैं। इन्हें 13 करोड़ अंतिम विलोपन बताना सही नहीं है।
ड्राफ्ट सूची सभी राजनीतिक दलों के BLA के साथ साझा की गई है और पात्र मतदाताओं को दावा-आपत्ति दर्ज कराने का अवसर दिया गया है।
तथ्यों को समझें, भ्रम से बचें और लोकतांत्रिक प्रक्रिया पर विश्वास रखें।



**Arjun Ram Meghwal**
@arjunrammeghwal

न्यायिक प्रक्रियाओं में तेजी लाने, मामलों का समयबद्ध निस्ता सुनिश्चित करने तथा justice distribution system को अधिक प्रभावी बनाने हेतु संबंधित अधिकारियों को आवश्यक दिशा-निर्देश दिए।

#JusticeDelivery #JudicialReforms

---

पीएम ने महिला और बाल विकास पर राष्ट्रीय विभागीय शिखर सम्मेलन के समापन सत्र की अध्यक्षता की

# महिलाओं और बच्चों की देखभाल, सुरक्षा और सशक्तिकरण पर दिया जोर, 'चिंतन शिविर' लगाकर समग्र विकास पर ध्यान दें



इलस्ट्रेशन: नई दिल्ली

प्रधानमंत्री नरेंद्र मोदी ने शनिवार को नई दिल्ली के सुषमा स्वराज भवन में महिला और बाल विकास पर आयोजित दो दिवसीय राष्ट्रीय विभागीय शिखर सम्मेलन के समापन सत्र की अध्यक्षता की। विभागीय शिखर सम्मेलन में राज्यों और केंद्र शासित प्रदेशों के मंत्री और वरिष्ठ अधिकारी सम्मिलित हुए। इसमें पोषण और पंचायत की देखभाल, बच्चों की सुरक्षा, महिलाओं की सुरक्षा और सशक्तिकरण तथा बेहतर तालमेल के माध्यम से सेवाओं की पहुंच को मजबूत करने जैसे विषयों पर ध्यान गया।

प्रधानमंत्री ने सत्र को संबोधित करते हुए कहा कि आंगनवाड़ी और केंद्र तथा राज्यों के बीच सिलेबस कितने लंबे के महत्व पर बल दिया। उन्होंने सुझाव दिए हुए कहा कि राज्य जिला स्तर और राज्य पहलिका व सहायक पहलिका स्तर पर इसी तरह के 'चिंतन शिविर' आयोजित करके इस मॉडल को आगे बढ़ा सकते हैं। उन्होंने आंगनवाड़ी कार्यकर्ताओं के लिए भी विशेष 'चिंतन शिविर' आयोजित करने का सुझाव दिया, ताकि वे अनुभव, विचार और न्यायसंगत समाधान एक-दूसरे के साथ साझा कर सकें।

**खास बातें**

- विशेष आंगनवाड़ी केंद्रों को गोद ले सकते हैं और अभियान संचालित कर सकते हैं
- महिला सुरक्षा पर विभागों को रैंकिंग के आधार पर बल दिया

## आंगनवाड़ियों को सामुदायिक भागीदारी का केंद्र बनाने का आह्वान



### विधि आंगनवाड़ी केंद्रों के साथ जुड़ें

प्रधानमंत्री ने विश्वविद्यालयों और शिक्षण संस्थानों से आंगनवाड़ी केंद्रों के साथ और अधिक जुड़ने का आह्वान किया। उन्होंने कहा कि विश्वविद्यालय आस-पास के आंगनवाड़ी केंद्रों को गोद ले सकते हैं और सामाजिक प्रभाव से जुड़े अध्ययन कर सकते हैं। मोदी ने कहा कि इससे छात्रों को फील्ड में देने का अवसर मिलेगा और केंद्रों को बेहतर बनाने के लिए उपयोगी जानकारी भी मिलेगी।

### 'स्वच्छता अभियान' को तीव्र बनाएं

प्रधानमंत्री ने सात-सप्ताई, स्वच्छता और पोषण के बीच गहरे संबंध का उल्लेख करते हुए देश भर के महिला एवं बाल विकास विभागों से 'स्वच्छता अभियान' की सक्रिय रूप से द्वितीयदारी लेने का आह्वान किया। उन्होंने इस बात पर बल दिया कि अच्छा स्वास्थ्य और पोषण सात-साताई से ही शुरू होता है और आंगनवाड़ी केंद्र इस अभियान के महत्वपूर्ण केंद्र बन सकते हैं।

### 'वोकल फॉर लोकल' को बढ़ावा दें

प्रधानमंत्री ने कहा कि महिला स्वावलंबन के लिए 'वोकल फॉर लोकल' की भावना के तहत स्थानीय उत्पादों के प्रचार और ब्रांडिंग में महिला स्वयं सहायता समूहों की भागीदारी बढ़ाई जानी चाहिए। उन्होंने इस दिशा में स्थानीय बाजारों, आंगनवाड़ी केंद्रों और सरकारी खरीद से जुड़ने का सुझाव दिया।

### बच्चों को हर हाल में प्रोत्साहित करें

प्रधानमंत्री ने 'जब भगवान' पर जोर देते हुए कहा कि आंगनवाड़ी केंद्र को अलग-अलग संस्थान के रूप में काम नहीं करना चाहिए, इसे सामुदायिक भागीदारी का केंद्र बनना चाहिए। परिवारों को भी विशेष अवसरों पर बच्चों के लिए पौष्टिक भोजन, खिलौने और स्थानीय स्तर पर उपयोगी चीजों के उपहार प्रोत्साहित करें।

### युवा में 'विकसित भारत' का निर्माण करेंगे

प्रधानमंत्री ने महिलाओं की सुरक्षा, सम्मान और सशक्तिकरण के बारे में बच्चों के लिए उम्र के हिसाब से उपयुक्त पाठ्यक्रम तैयार करने का सुझाव दिया। मोदी ने अलग-अलग विषयों के प्रश्नों की मिलकर चिंतन-मंथन के उपायों पर भी जोर दिया। प्रधानमंत्री ने इस बात पर बल दिया कि मंत्रालय और राज्यों से पूरी जिम्मेदारियां सौंपे गई हैं। जहां आंगनवाड़ी केंद्रों में पल-बढ़ रहे बच्चों ही आगे चलकर सुरक्षा और नागरिक कर्तव्य जैसे 'विकसित भारत' का निर्माण करेंगे।

## मेट्रो कॉरिडोर, हाईवे में सुधार और पोर्ट इंफ्रास्ट्रक्चर की 13 हजार करोड़ की परियोजना की देंगे सौगात

### पीएम मोदी का तमिलनाडु दौरा आज



### कोल बर्थ-तीन का उद्घाटन करेंगे और ड्रेजिंग का काम शुरू करेंगे

### पोर्ट बढ़ाएगा ये गलियारे, बाधाएं दूर होंगी और यातायत बेहतर होगा तो तरक्की करेंगे

नई दिल्ली। प्रधानमंत्री नरेंद्र मोदी रविवार को चेन्नई के दौरे पर रहेंगे। इस दौरान पीएम 13,000 करोड़ रुपए से ज्यादा की विकास परियोजनाओं का लोकार्पण करेंगे। इसमें चेन्नई मेट्रो कॉरिडोर, हाईवे में सुधार और पोर्ट इंफ्रास्ट्रक्चर जैसे प्रमुख काम शामिल हैं। प्रधानमंत्री कार्यालय ने शनिवार को बताया कि पीएम मोदी सुबह 11 बजे चेन्नई मेट्रो रेल (फेज-2) के एजेंसीनगर से पूनमल्ली बाईपास तक 26.1 किलोमीटर लंबे कॉरिडोर का उद्घाटन करेंगे। इसके बाद वे पूनमल्ली बाईपास से सेंट्रल तक मेट्रो ट्रेन में यात्रा करेंगे। इस दौरान वे चेन्नई मेट्रो रेल (फेज-2) के अन्य दो कॉरिडोर का भी शिलान्यास करेंगे। इनकी कुल लंबाई 45.8 किलोमीटर होगी। इन पर 61,843 करोड़ रुपए खर्च होंगे। इसके अलावा पीएम मोदी चेन्नई बंदरगाह पर 4,900 करोड़ रुपए की लागत से बनने वाले नए कंटेनर बर्थ का उद्घाटन करेंगे और 7,078 करोड़ रुपए की लागत से बनने वाले कंटेनर टर्मिनल के लिए ड्रेजिंग का काम शुरू करेंगे। इसके अलावा वे चेन्नई बंदरगाह पर 1,400 करोड़ रुपए की लागत से बनने वाले नए कंटेनर टर्मिनल के लिए ड्रेजिंग का काम शुरू करेंगे। इसके अलावा वे चेन्नई बंदरगाह पर 1,400 करोड़ रुपए की लागत से बनने वाले नए कंटेनर टर्मिनल के लिए ड्रेजिंग का काम शुरू करेंगे।

---

'ब्लूमबर्ग न्यू इकॉनॉमी फोरम' में प्रधानमंत्री बोले- हम दुनिया को स्थिरता का संदेश दे रहे

# भारत वैश्विक चुनौतियों के बीच मजबूती से आगे बढ़ रहा : मोदी

**भरोसा**



नई दिल्ली, एजेंसी। प्रधानमंत्री नरेंद्र मोदी ने मंगलवार को कहा कि वैश्विक अनिश्चितताओं के चौतरफा दौर में भी भारत मजबूती से आगे बढ़ रहा है। हमारी तेज आर्थिक वृद्धि मजबूत बुनियाद और लचकदार से गरे गुणवत्ता पर आधारित है। भारत अपनी नीतियों, कार्यक्रमों और सुधारों से दुनिया को भरोसे और स्थिरता का संदेश दे रहा है।

नई दिल्ली में आयोजित 'ब्लूमबर्ग न्यू इकॉनॉमी फोरम' में उन्होंने कहा कि भारत दुसरे देशों को नुकसान पहुंचा कर नहीं, बल्कि सबकी समृद्धि के साथ अपनी वैश्विक अधिक भूमिका बढ़ाना चाहता है। उन्होंने भू-राजनीतिक तनाव, व्यापार में बाधाओं और महत्वपूर्ण प्रौद्योगिकियों तथा संसाधनों को लेकर बढ़ती प्रतिस्पर्धा के बीच भारत को एक भरोसेमंद आर्थिक साझेदार के रूप में पेश किया।

पीएम मोदी ने भारतीय अर्थव्यवस्था की मजबूती का उल्लेख करते हुए कहा कि अप्रैल-जून 2026 की पहली तिमाही में देश की आर्थिक वृद्धि 7.8 फीसदी रही। यह वृद्धि मजबूत आर्थिक आधार पर टिकी है। इसने साबित कर दिया कि भारत की वृद्धि किसी भी बड़ी अर्थव्यवस्था की तुलना में सबसे तेज रही। मोदी ने कहा कि भारत स्पष्ट नीतिगत दिशा के साथ आर्थिक सुधार कर रहा है। उन्होंने जीएसटी, दिवाला समाधान ढांचा और जन धन-आधार-मोबाइल की त्रिमूर्ति जैसे सुधारों का उल्लेख किया।

प्रधानमंत्री मोदी ने कहा, जब दुनिया को सस्ती दवाओं की जरूरत होती है तो हर पांच में से एक जेनेरिक दवा भारत से आती है। डिजिटल पहचान और भुगतान के क्षेत्र में भी भारत के व्यापक को लेकर दुनिया में देखा जा रहा है।

> भारत दुसरे देशों को नुकसान पहुंचा कर नहीं, बल्कि सबकी समृद्धि के साथ अपनी वैश्विक आर्थिक भूमिका बढ़ाना चाहता है। हम किसी की कीमत पर विकास नहीं करते। दुनिया के साथ और दुनिया के लिए विकास करते हैं।
> –नरेंद्र मोदी, प्रधानमंत्री

### ऋषि सुनक ने की पीएम मोदी की सराहना

ब्रिटेन के पूर्व प्रधानमंत्री ऋषि सुनक ने मालदीव्स जीवन में 25 साल पूरे करने पर मोदी को बधाई दी और उनके काम के प्रति समर्पण, मेहनत और ऊर्जा की सराहना की। सुनक ने भारत-ब्रिटेन संबंधों को भी मजबूत बताया। सुनक ने पत्र पर कहा कि ब्रिटेन का पीएम रहते हुए उन्हें मोदी के साथ काम करने का अवसर मिला था। मोदी के काम के प्रति सम्मान, मेहनत और ऊर्जा की सराहना की। सुनक ने भारत-ब्रिटेन संबंधों को भी मजबूत बताया। सुनक ने पत्र पर कहा कि ब्रिटेन का पीएम रहते हुए उन्हें मोदी के साथ काम करने का अवसर मिला था। मोदी के काम के प्रति सम्मान, मेहनत और अटूट समर्पण बताया। मोदी ने भारत और ब्रिटेन के संबंध तेजी से मजबूत हो रहे हैं।

# कनाडा के पीएम कार्नी से पीएम मोदी की द्विपक्षीय संबंधों पर हुई चर्चा

**नई दिल्ली, 16 दि:** प्रधानमंत्री नरेन्द्र मोदी ने मंगलवार को कनाडा के प्रधानमंत्री मार्क कार्नी से फोन पर सौहार्दपूर्ण और सार्थक बातचीत की। दोनों नेताओं ने भारत-कनाडा संबंधों में आई सकारात्मक गति को आगे बढ़ाने तथा व्यापार, ऊर्जा, प्रौद्योगिकी, सुरक्षा और जन-संपर्क जैसे प्रमुख क्षेत्रों में ठोस परिणाम हासिल करने पर सहमति जताई।

पीएम मोदी ने एक्स पर कहा कि भारत और कनाडा मिलकर अधिक स्थिर एवं समृद्ध विश्व के निर्माण में योगदान दे रहे हैं। वहीं, कनाडाई पीएम मार्क कार्नी के कार्यालय ने बताया कि पीएम मोदी दिसंबर में



पीएम मोदी व कनाडाई पीएम मार्क कार्नी।

दोनों नेता दिसंबर में प्रस्तावित यात्रा से पहले एक-दूसरे के संपर्क में बने रहने पर सहमत हुए।

**कनाडा की विदेश मंत्री अनीता आनंद भारत पहुंचीं :** कनाडा की विदेश मंत्री अनीता आनंद मंगलवार को भारत पहुंचीं। विदेश मंत्रालय के अनुसार, जून 2025 के बाद यह उनकी तीसरी भारत यात्रा है। इस

# युवाओं के कौशल को पीएम ने किया सलाम, हंसे-बतियाए और खिलाई मिठाई



- वर्ल्ड स्किल्स चैम्पियंस के फीमेनियों सोनिके, वास-आइआरी-आइआरम से खास नहीं सिक्स ट्रेनिंग स्टार्टेजर्ड
- एकमर्सी ने मेजर अभिषेक गुप्ता सोते, उन्हों ने सुरक्षित मन-कर्मों जब से कभी सिखर लोग जैसे लगे पीएम

<< नई दिल्ली में आने आकाश या तलों से आयोजित पार्ट विकास शिखिरिंग 2025 के प्रतिभागियों से बात करते हुए प्रधानमंत्री नरेंद्र मोदी ● सेमका

काल्स न्यूज, नई दिल्ली : प्रधानमंत्री नरेंद्र मोदी ने लिए कौशल विकास विषय संबंधित सुना है, इसका अंदाज इसी से लगाया जा सकता है कि रात हो में मंत्रों में आयोजित पार्ट विकास प्रतिनिधित्व- 2026 के प्रतिभागियों को लक्ष्य उन्हीं अपने सम्बन्धी आकाश पर मिलने के लिए बुलाया। कोई फर्क नहीं कि किसी पत्रक लोग और किसने नहीं, पीएम ने सभी को 'विकास सेमेस्टर' के हम में सक्रियता रखने के लिए टीका करते हुए, भारत को वैश्विक कौशल पंप पर दस-10 में पहुंचाने के लिए पीछे जाएगाई, सभी उठने सभी से प्रत्येक व्यक्ति निर्माती। पीएम से मुलाकात के बाद अभिषुक्त प्रतिभागी बोले, 'हर सम्बंधी पहले से थुल-बिल था। ये कार्य का स्टूडेंट को लक्ष्य विद्युत टिड्डे से कभी उपलब्धि को आकाश करते हुए, प्रतिभागियों ने प्रकाश कि

**ਲੋਕ ਸੇਵਾ ਪ੍ਰਸਾਰਣ ਦਿਵਸ – 12 ਨਵੰਬਰ**


# ਜਨਤਕ ਜਾਗਰੂਕਤਾ, ਲੋਕਤੰਤਰ ਅਤੇ ਸੰਵਾਦ ਦਾ ਸ਼ਾਨਦਾਰ ਸ਼ਫਰ

*ਲੋਕ ਸੇਵਾ ਪ੍ਰਸਾਰਣ ਦਿਵਸ 1947 ਵਿੱਚ 12 ਨਵੰਬਰ ਦੇ ਦਿਨ ਰਾਸ਼ਟਰਪਿਤਾ ਮਹਾਤਮਾ ਗਾਂਧੀ ਵੱਲੋਂ ਆਕਾਸ਼ਵਾਣੀ ਰਾਹੀਂ ਦਿੱਤੇ ਗਏ ਇਤਿਹਾਸਕ ਸੰਬੋਧਨ ਦੇ ਜਸ਼ਨ ਵਿੱਚ ਹਰ ਵਰ੍ਹੇ ਮਨਾਇਆ ਜਾਂਦਾ ਹੈ। ਵਰ੍ਹੇ 2000 ਵਿੱਚ ਤਤਕਾਲੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਸੁਸ਼ਮਾ ਸਵਰਾਜ ਨੇ ਐਲਾਨ ਕੀਤਾ ਸੀ ਕਿ ਇਹ ਵਿਸ਼ੇਸ਼ ਦਿਵਸ ਲੋਕ ਸੇਵਾ ਪ੍ਰਸਾਰਣ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇਗਾ। ਉਦੋਂ ਤੋਂ ਆਕਾਸ਼ਵਾਣੀ ਭਵਨ ਵਿੱਚ ਹਰ ਵਰ੍ਹੇ ਵਿਸ਼ੇਸ਼ ਪ੍ਰੋਗਰਾਮਾਂ ਅਤੇ ਆਯੋਜਨਾਂ ਦੇ ਨਾਲ ਮਨਾਇਆ ਜਾਂਦਾ ਹੈ ਇਹ ਦਿਵਸ...*

## ਵਿਸਥਾਪਿਤ ਲੋਕਾਂ ਨੂੰ ਬਾਪੂ ਨੇ ਕੀਤਾ ਸੰਬੋਧਨ

- ਉਸ ਇਤਿਹਾਸਕ ਦਿਨ ਬਾਪੂ ਨੇ ਵੰਡ ਦੀ ਪੀੜ੍ਹਾ ਝੇਲ ਰਹੇ ਅਤੇ ਕੁਰੂਕਸ਼ੇਤਰ ਵਿੱਚ ਸ਼ਰਨ ਲਏ ਵਿਸਥਾਪਿਤ ਲੋਕਾਂ (ਉਜੜੇ ਹੋਏ ਲੋਕਾਂ) ਨੂੰ ਸੰਬੋਧਨ ਕੀਤਾ।
- ਉਨ੍ਹਾਂ ਦੇ ਸੰਦੇਸ਼ ਦੀ ਯਾਦ ਵਿੱਚ ਉਸ ਸਟੂਡੀਓ ਨੂੰ ਹੁਣ 'ਬਾਪੂ ਸਟੂਡੀਓ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।
- ਇਸ ਮੌਕੇ 'ਤੇ ਆਕਾਸ਼ਵਾਣੀ ਕਈ ਪ੍ਰੋਗਰਾਮਾਂ ਦਾ ਆਯੋਜਨ ਕਰਦਾ ਹੈ ਅਤੇ ਬਾਪੂ ਦੇ ਪਸੰਦੀਦਾ ਭਜਨ ਪੇਸ਼ ਕੀਤੇ ਜਾਂਦੇ ਹਨ।





*"ਜਦੋਂ ਮੈਂ ਸੁਣਿਆ ਕਿ ਤੁਹਾਡੇ ਵਿੱਚ ਕਰੀਬ ਢਾਈ ਲੱਖ ਰਿਫਯੂਜ਼ੀ ਪਏ ਹਨ ਅਤੇ ਮੈਂ ਸੁਣਿਆ ਕਿ ਹਾਲੇ ਵੀ ਲੋਕ ਆਉਂਦੇ ਰਹਿੰਦੇ ਹਨ ਤਾਂ ਮੈਨੂੰ ਬਹੁਤ ਦੁਖ ਹੋਇਆ... ਮੈਨੂੰ ਸੱਟ ਵੱਜੀ ਅਤੇ ਮੈਨੂੰ ਅਹਿਸਾਸ ਹੋਇਆ ਕਿ ਮੈਂ ਤੁਹਾਡੇ ਕੋਲ ਪਹੁੰਚ ਜਾਵਾਂ।*

*– ਮਹਾਤਮਾ ਗਾਂਧੀ (ਆਕਾਸ਼ਵਾਣੀ 'ਤੇ 12 ਨਵੰਬਰ 1947 ਨੂੰ ਸੰਬੋਧਨ)*


ਨਿਊ ਇੰਡੀਆ ਸਮਾਚਾਰ ਪੰਦਰਵਾੜਾ

**RNI Registered No. DELPUN/2020/72808, 1- 15 November, 2026**
RNI DELPUN/2020/78808, (Publishing Date: 19 October, 2026, Total Pages-52)

EDITOR IN CHIEF:
Dhirendra Ojha
Principal Director General
Press Information Bureau, New Delhi

PUBLISHED:
Kanchan Prasad
Director General, on behalf of
Central Bureau Of Communication

PUBLISHED FROM:
Room No–278, Central Bureau Of Communication, 2nd Floor, Soochna Bhawan, New Delhi -110003